ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post
Vol 17 * Issue 228
Daily Newspaper Wednesday, November 28, 2018
Tel: 905-793-2202 Fax: 905-793-2282 news@punjabipost.ca

Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

# ਓਸ਼ਵਾ ਪਲਾਂਟ ਬੰਦ ਹੋਣ ਨਾਲ ਕੈਨੇਡਾ ਦੀ ਆਟੋ ਸਨਅਤ ਨੂੰ ਖਤਰਾ : ਡਾਇਸ



ਓਟਵਾ, 27 ਨਵੰਬਰ (ਪੋਸਟ ਬਿਊਰੋ) : ਓਸ਼ਵਾ, ਓਨਟਾਰੀਓ ਸਥਿਤ ਜਨਰਲ ਮੋਟਰਜ਼ ਦੇ ਵਰਕਰਜ਼ ਦੀ ਅਗਵਾਈ ਕਰਨ ਵਾਲੀ ਯੂਨੀਅਨ ਦੇ ਪ੍ਰਧਾਨ ਨੇ ਮੰਗਲਵਾਰ ਨੂੰ ਆਖਿਆ ਕਿ ਕੰਪਨੀ ਦਾ ਫੈਸਲਾ ਕੈਨੇਡਾ ਵਿੱਚ ਆਟੋ ਪਾਰਟਸ ਇੰਡਸਟਰੀ ਦੇ ਪਤਨ ਦਾ ਕਾਰਨ ਬਣ ਸਕਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਟਰੂਡੋ ਦੀ ਅਗਵਾਈ ਵਾਲੇ ਲਿਬਰਲਾਂ ਤੋਂ ਇਸ ਬਾਬਤ ਤਿੱਖੀ ਪ੍ਰਤੀਕਿਰਿਆ ਦੀ ਵੀ ਮੰਗ ਕੀਤੀ।

ਯੂਨੀਫੋਰ ਦੇ ਪ੍ਰੈਜ਼ੀਡੈਂਟ ਜੈਰੀ ਡਾਇਸ ਨੇ ਆਖਿਆ ਕਿ ਜਨਰਲ ਮੋਟਰਜ਼ ਨੇ ਅਮਰੀਕਾ ਦੇ ਰਾਸ਼ਟਰਪਤੀ ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਟਿੱਚ ਸਮਝਦਿਆਂ ਹੋਇਆਂ ਕੈਨੇਡਾ ਤੇ ਅਮਰੀਕਾ ਤੋਂ ਪ੍ਰੋਡਕਸ਼ਨ ਬਾਹਰ ਲਿਜਾਣ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਓਸ਼ਵਾ ਦੇ ਜਿਸ ਪਲਾਂਟ ਦੀ ਉਹ ਨੁਮਾਇੰਦਗੀ ਕਰਦੇ ਹਨ ਉੱਥੋਂ ਦੇ 2500 ਕਾਮਿਆਂ ਨੂੰ ਵੀ ਕੰਪਨੀ ਵਿਹਲਾ ਕਰਨ ਉੱਤੇ ਤੁਲੀ ਹੋਈ ਹੈ। ਪਾਰਲੀਆਮੈਂਟ ਹਿੱਲ ਉੱਤੇ ਟਰੂਡੋ ਨਾਲ ਮੁਲਾਕਾਤ ਕਰਨ ਤੋਂ ਬਾਅਦ ਡਾਇਸ ਨੇ ਆਖਿਆ ਕਿ ਸਾਡੇ ਨਾਲ ਉਸ ਕਾਰਪੋਰੇਸ਼ਨ ਵੱਲੋਂ ਖਿਲਵਾੜ ਕੀਤਾ ਜਾ ਰਿਹਾ ਹੈ ਜਿਹੜੀ ਆਪਣੇ ਹੀ ਨਿਯਮਾਂ ਨਾਲ ਖੇਡ ਰਹੀ ਹੈ। ਇਸ ਲਈ ਸਾਨੂੰ ਅਜਿਹੀਆਂ ਸਰਕਾਰਾਂ ਦੀ ਲੋੜ ਹੈ ਜਿਹੜੀਆਂ ਸਖਤ ਨਿਯਮਾਂ ਦੀ ਪਾਲਣਾ ਕਰਦੀਆਂ ਹੋਣ। ਜਿਹੜੀ ਕੰਪਨੀ ਸਰਕਾਰ ਨੂੰ ਟਿੱਚ ਜਾਣ ਰਹੀ ਹੈ ਸਰਕਾਰ ਨੂੰ ਵੀ ਉਸ ਨਾਲ ਉਹੋ ਜਿਹਾ ਹੀ ਵਿਵਹਾਰ ਕਰਨਾ ਚਾਹੀਦਾ ਹੈ।

ਡਾਇਸ ਨੇ ਆਖਿਆ ਕਿ ਜੀਐਮ ਨੇ ਪਿਛਲੇ ਕੁੱਝ ਸਾਲਾਂ ਵਿੱਚ ਪੰਜ ਮਾਡਲਾਂ ਦੀਆਂ ਗੱਡੀਆਂ ਦਾ ਉਤਪਾਦਨ ਮੈਕਸਿਕੋ ਤੇ ਅਮਰੀਕਾ ਸ਼ਿਫਟ ਕਰ ਦਿੱਤਾ ਹੈ ਤੇ ਜੇ ਓਸ਼ਵਾ ਵਾਲਾ ਪਲਾਂਟ ਵੀ ਬੰਦ ਹੋ ਜਾਂਦਾ ਹੈ ਤਾਂ ਕੰਪਨੀ ਦਾ ਇੱਥੇ ਇੱਕ ਹੀ ਪਲਾਂਟ ਰਹਿ ਜਾਵੇਗਾ। ਇਸ ਲਈ ਉਨ੍ਹਾਂ ਟਰੂਡੋ ਨੂੰ ਅਪੀਲ ਕੀਤੀ ਕਿ ਉਹ ਟਰੰਪ ਨਾਲ ਰਲ ਕੇ ਕੰਪਨੀ ਨੂੰ ਆਪਣਾ ਕਾਰੋਬਾਰ ਦੱਖਣ ਵੱਲ ਸ਼ਿਫਟ ਕਰਨ ਤੋਂ ਰੋਕਣ। ਪਰ ਜਨਰਲ ਮੋਟਰਜ਼ ਕੈਨੇਡਾ ਦੇ ਐਗਜ਼ੈਕਟਿਵ ਡੇਵਿਡ ਪੈਟਰਸਨ ਨੇ ਆਖਿਆ ਕਿ ਕੰਪਨੀ ਕੈਨੇਡਾ ਤੋਂ ਬਾਹਰ ਨਹੀਂ ਜਾ ਰਹੀ ਹੈ। ਸਗੋਂ ਕੰਪਨੀ ਵੱਲੋਂ ਟੋਰਾਂਟੋ ਦੇ ਉੱਤਰ ਵਿੱਚ ਸਥਿਤ ਮਾਰਖਮ ਵਿੱਚ ਆਪਣੇ ਟੈਕਨੀਕਲ ਸੈਂਟਰ ਲਈ 500 ਲੋਕਾਂ ਨੂੰ ਖੁਦ ਚੱਲਣ ਵਾਲੀਆਂ ਕਾਰਾਂ ਲਈ ਸਾਫਟਵੇਅਰ ਤਿਆਰ ਕਰਨ ਵਾਸਤੇ ਹਾਇਰ ਕੀਤਾ ਜਾ ਰਿਹਾ ਹੈ।

# ਜੀਐਮ ਦੇ ਫੈਸਲੇ ਤੋਂ ਨਿਰਾਸ਼ ਟਰੰਪ ਨੇ ਫੈਡਰਲ ਮਦਦ ਵਾਪਿਸ ਲੈਣ ਦੀ ਦਿੱਤੀ ਧਮਕੀ



ਵਾਸ਼ਿੰਗਟਨ, 27 ਨਵੰਬਰ (ਪੋਸਟ ਬਿਊਰੋ) : ਡੌਨਲਡ ਟਰੰਪ ਦੇ ਚੀਫ ਇਕਨਾਮਿਕ ਸਲਾਹਕਾਰ ਦਾ ਕਹਿਣਾ ਹੈ ਕਿ ਜਨਰਲ ਮੋਟਰਜ਼ ਵੱਲੋਂ ਨੌਕਰੀਆਂ ਤੇ ਉਤਪਾਦਨ ਵਿੱਚ ਕਟੌਤੀ ਕੀਤੇ ਜਾਣ ਦੇ ਫੈਸਲੇ ਤੋਂ ਉਹ ਕਾਫੀ ਨਿਰਾਸ਼ ਹਨ। ਉਨ੍ਹਾਂ ਆਖਿਆ ਕਿ ਇਸੇ ਕਾਰਨ ਹੀ ਉਨ੍ਹਾਂ ਵੱਲੋਂ ਕੈਨੇਡਾ ਤੇ ਮੈਕਸਿਕੋ ਨਾਲ ਫਰੀ ਟਰੇਡ ਪੈਕਟ ਨਵੇਂ ਸਿਰੇ ਤੋਂ ਕਰਨ ਦਾ ਫੈਸਲਾ ਕੀਤਾ ਸੀ।

ਇਸ ਦੌਰਾਨ ਟਰੰਪ ਨੇ ਵੀ ਸਥਿਤੀ ਬਾਰੇ ਆਪਣੀ ਰਾਇ ਸਪਸ਼ਟ ਕਰਦਿਆਂ ਆਖਿਆ ਕਿ ਜਨਰਲ ਮੋਟਰਜ਼ ਨੇ ਜੇ ਅਮਰੀਕਾ ਤੋਂ ਬਾਹਰ,ਖਾਸ ਤੌਰ ਉੱਤੇ ਚੀਨ ਵਿੱਚ, ਇੰਟਰਕੌਨੈਕਟਿਡ, ਇਲੈਕਟ੍ਰਿਕ ਪਾਵਰ ਵਾਲੀਆਂ ਗੱਡੀਆਂ ਬਣਾਈਆਂ ਤਾਂ ਅਸੀਂ ਕੰਪਨੀ ਤੋਂ ਫੈਡਰਲ ਮਦਦ ਵਾਪਿਸ ਲੈ ਲਵਾਂਗੇ। ਨੈਸ਼ਨਲ ਇਕਨੌਮਿਕ ਕਾਉਂਸਲ ਦੇ ਡਾਇਰੈਕਟਰ ਲੈਰੀ ਕੁਡਲੋਅ ਦਾ ਕਹਿਣਾ ਹੈ ਕਿ ਸਥਿਤੀ ਉਸ ਸਮੇਂ ਹੋਰ ਨਿਰਾਸ਼ਾਜਨਕ ਹੋ ਜਾਂਦੀ ਹੈ ਜਦੋਂ ਇਹ ਕਟੌਤੀਆਂ ਯੂਐਸ-ਮੈਕਸਿਕੋ-ਕੈਨੇਡਾ ਅਗਰੀਮੈਂਟ ਸਿਰੇ ਚੜ੍ਹਨ ਦੌਰਾਨ ਹੀ ਕੀਤੀਆਂ ਜਾ ਰਹੀਆਂ ਹਨ।

ਕੁਡਲੋਅ ਨੇ ਵ੍ਹਾਈਟ ਹਾਊਸ ਦੀ ਬ੍ਰੀਫਿੰਗ ਮੌਕੇ ਦੱਸਿਆ ਕਿ ਨਿਰਾਸ਼ਾ ਇਸ ਗੱਲ ਨੂੰ ਲੈ ਕੇ ਹੈ ਕਿ ਇੰਜ ਲੱਗ ਰਿਹਾ ਹੈ ਜਿਵੇਂ ਜੀਐਮ ਇਲੈਕਟ੍ਰਿਕ ਕਾਰਾਂ ਅਮਰੀਕਾ ਦੀ ਥਾਂ ਚੀਨ ਵਿੱਚ ਬਣਾਵੇਗੀ ਤੇ ਇਸ ਲਈ ਸਾਨੂੰ ਵੀ ਇਹ ਧਿਆਨ ਵਿੱਚ ਰੱਖਣਾ ਹੋਵੇਗਾ ਕਿ ਕੁੱਝ ਸਬਸਿਡੀਜ਼ ਕੰਪਨੀ ਨੂੰ ਦਿੱਤੀਆਂ ਜਾਣ ਕਿ ਨਹੀਂ। ਜੀਐਮ ਨੇ ਸੋਮਵਾਰ ਨੂੰ ਇਹ ਐਲਾਨ ਕੀਤਾ ਸੀ ਕਿ ਉਹ ਨੌਰਥ ਅਮੈਰਿਕਾ ਵਿੱਚ ਪੰਜ ਪਲਾਂਟ ਬੰਦ ਕਰਨ ਜਾ ਰਹੀ ਹੈ ਜਿਨ੍ਹਾਂ ਵਿੱਚੋਂ ਇੱਕ ਓਸ਼ਵਾ, ਕੈਨੇਡਾ ਵਿੱਚ ਤੇ ਚਾਰ ਅਮਰੀਕਾ ਵਿੱਚ ਸਥਿਤ ਹਨ। ਇਸ ਨਾਲ 14000 ਲੋਕ ਰੋਜ਼ਗਾਰ ਤੋਂ ਵਿਹਲੇ ਹੋ ਜਾਣਗੇ। ਟਰੰਪ ਨੇ ਮੰਗਲਵਾਰ ਨੂੰ ਕੀਤੇ ਟਵੀਟ ਵਿੱਚ ਆਖਿਆ ਕਿ ਅਮਰੀਕਾ ਨੇ ਜਨਰਲ ਮੋਟਰਜ਼ ਨੂੰ ਬਚਾਇਆ ਤੇ ਸਾਨੂੰ ਇਹ ਇਨਾਮ ਮਿਲ ਰਿਹਾ ਹੈ।

# ਅਸਤੀਫਾ ਦੇਣ ਦੇ ਬਾਵਜੂਦ ਬਰੈਂਪਟਨ ਈਸਟ ਤੋਂ ਲਿਬਰਲ ਐਮਪੀ ਬਣੇ ਹੋਏ ਹਨ ਰਾਜ ਗਰੇਵਾਲ



ਓਟਵਾ, 27 ਨਵੰਬਰ (ਪੋਸਟ ਬਿਊਰੋ) : ਆਪਣੀ ਬਰੈਂਪਟਨ ਈਸਟ ਵਾਲੀ ਸੀਟ ਤੋਂ ਅਸਤੀਫਾ ਦੇਣ ਲਈ ਲਿਬਰਲ ਐਮਪੀ ਰਾਜ ਗਰੇਵਾਲ ਨੇ ਅਜੇ ਸਹੀ ਪਾਰਲੀਆਮੈਂਟਰੀ ਪ੍ਰਕਿਰਿਆ ਨਹੀਂ ਅਪਨਾਈ।ਇਸ ਕਾਰਨ ਉਹ ਇਸ ਹਲਕੇ ਤੋਂ ਐਮਪੀ ਬਣੇ ਰਹਿਣਗੇ। ਇਸ ਦੀ ਪੁਸ਼ਟੀ ਇਲੈਕਸ਼ਨਜ਼ ਕੈਨੇਡਾ ਵੱਲੋਂ ਕੀਤੀ ਗਈ।

ਇਸ ਤੋਂ ਪਹਿਲਾਂ 22 ਨਵੰਬਰ ਨੂੰ ਰਾਜ ਗਰੇਵਾਲ ਨੇ ਇਹ ਐਲਾਨ ਕੀਤਾ ਸੀ ਕਿ ਉਨ੍ਹਾਂ ਵੱਲੋਂ ਆਪਣੇ ਅਸਤੀਫੇ ਦੇ ਸਬੰਧ ਵਿੱਚ ਨੋਟਿਸ ਦਿੱਤਾ ਜਾ ਚੁੱਕਿਆ ਹੈ ਪਰ ਉਹ ਸਹੀ ਢੰਗ ਨਾਲ ਇਸ ਲਈ ਅਪਣਾਈ ਜਾਣ ਵਾਲੀ ਪ੍ਰਕਿਰਿਆ ਪੂਰੀ ਨਹੀਂ ਕਰ ਸਕੇ। ਇਲੈਕਸ਼ਨ ਕੈਨੇਡਾ ਦੇ ਬੁਲਾਰੇ ਨੇ ਆਖਿਆ ਕਿ ਬਰੈਂਪਟਨ ਈਸਟ ਤੋਂ ਸਾਨੂੰ ਕੋਈ ਵਾਰੰਟ ਹਾਸਲ ਨਹੀਂ ਹੋਇਆ ਹੈ।

22 ਨਵੰਬਰ ਨੂੰ ਗਰੇਵਾਲ ਨੇ ਫੇਸਬੁੱਕ ਉੱਤੇ ਇਹ ਚਿੱਠੀ ਪੋਸਟ ਕੀਤੀ ਸੀ ਕਿ ਉਨ੍ਹਾਂ ਵੱਲੋਂ ਅਸਤੀਫਾ ਦੇਣ ਦੇ ਆਪਣੇ ਫੈਸਲੇ ਬਾਰੇ ਸਰਕਾਰੀ ਵ੍ਹਿਪ ਮਾਰਕ ਹੌਲੈਂਡ ਨੂੰ ਜਾਣਕਾਰੀ ਦਿੱਤੀ ਜਾ ਚੁੱਕੀ ਹੈ ਤੇ ਉਹ ਨਿਜੀ ਤੇ ਮੈਡੀਕਲ ਕਾਰਨਾਂ ਕਰਕੇ ਅਸਤੀਫਾ ਦੇ ਰਹੇ ਹਨ। ਪਰ ਬਾਅਦ ਵਿੱਚ ਪ੍ਰਧਾਨ ਮੰਤਰੀ ਦੇ ਆਫਿਸ ਵੱਲੋਂ ਇਹ ਪੁਸ਼ਟੀ ਕੀਤੀ ਗਈ ਕਿ ਗਰੇਵਾਲ ਜੂਏ ਦੀ ਲਤ ਕਾਰਨ ਇਹ ਅਸਤੀਫਾ ਦੇ ਰਹੇ ਹਨ। ...ਬਾਕੀ ਪੰਨਾ 6 ’ਤੇ

# ਕੈਨੇਡਾ ਪੋਸਟ ਦੇ ਵਰਕਰਜ਼ ਦੀ ਹੜਤਾਲ ਖ਼ਤਮ ਕਰਨ ਲਈ ਸੈਨੇਟ ਵੱਲੋਂ ਬਿੱਲ ਸੀ-89 ਪਾਸ




ਓਟਵਾ, 27 ਨਵੰਬਰ (ਪੋਸਟ ਬਿਊਰੋ) : ਸੈਨੇਟ ਵੱਲੋਂ ਪੋਸਟ ਕੈਨੇਡਾ ਦੇ ਕਾਮਿਆਂ ਦੀ ਹੜਤਾਲ ਨੂੰ ਖ਼ਤਮ ਕਰਨ ਲਈ ਆਖਿਰਕਾਰ ਬਿੱਲ ਪਾਸ ਕਰ ਦਿੱਤਾ ਗਿਆ। ਇਸ ਬਿੱਲ ਦੇ ਪਾਸ ਹੋਣ ਨਾਲ ਪੋਸਟਲ ਵਰਕਰਜ਼ ਦੀ ਪੰਜ ਹਫਤਿਆਂ ਤੋਂ ਚੱਲ ਰਹੀ ਸਿਲਸਿਲੇਵਾਰ ਹੜਤਾਲ ਹੁਣ ਖ਼ਤਮ ਹੋ ਜਾਵੇਗੀ ਤੇ ਮੰਗਲਵਾਰ ਦੁਪਹਿਰ ਤੋਂ ਡਾਕ ਸੇਵਾ ਮੁੜ ਪਹਿਲਾਂ ਵਾਂਗ ਸ਼ੁਰੂ ਹੋ ਜਾਵੇਗੀ।

ਸੋਮਵਾਰ ਨੂੰ ਬਿੱਲ ਸੀ-89 ਨੂੰ ਸੈਨੇਟਰਜ਼ ਵੱਲੋਂ ਪਾਸ ਕੀਤੇ ਜਾਣ ਤੋਂ ਕੁੱਝ ਸਮੇਂ ਬਾਅਦ ਹੀ ਇਸ ਨੂੰ ਸ਼ਾਹੀ ਮਨਜ਼ੂਰੀ ਹਾਸਲ ਹੋ ਗਈ। ਸੈਨੇਟ ਵਿੱਚ ਇਹ ਬਿੱਲ 25 ਦੇ ਮੁਕਾਬਲੇ 53 ਵੋਟਾਂ ਨਾਲ ਪਾਸ ਹੋਇਆ। ਚਾਰ ਸੈਨੇਟਰਜ਼ ਨੇ ਵੋਟਿੰਗ ਵਿੱਚ ਹਿੱਸਾ ਨਹੀਂ ਲਿਆ। ਇਸ ਛੁੱਟੀਆਂ ਦੇ ਸੀਜ਼ਨ ਵਿੱਚ ਪੋਸਟਲ ਕਾਮਿਆਂ ਦੀ ਹੜਤਾਲ ਕਰਕੇ ਡਾਕ ਸੇਵਾ ਦੇ ਪ੍ਰਭਾਵਿਤ ਹੋਣ ਕਾਰਨ ਜਿੱਥੇ ਲੋਕਾਂ ਨੂੰ ਪਰੇਸ਼ਾਨੀ ਹੋ ਰਹੀ ਸੀ ਉੱਥੇ ਹੀ ਆਰਥਿਕ ਨੁਕਸਾਨ ਵੀ ਝੱਲਣਾ ਪੈ ਰਿਹਾ ਸੀ।

...ਬਾਕੀ ਪੰਨਾ 6 ’ਤੇ

ਕੀ ਤੁਸੀ ਕਾਕਰੋਚ, ਚੁੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

JOSHI LAW OFFICE
Barrister, Solicitor & Notary Public
E-mail : info@joshilawoffice.com
- Immigration
- Real Estate / Commercial Law
- Affidavit / Power of Attorney
416-213-8600
Rakesh M. Joshi
B.A., LL.B.
6921 Steels Ave. W. Unit 11, Etobicoke, ON

INSURANCE
- HOME
- AUTO
- BUSINESS
- TRUCKING
- R.E.S.P
- COMMERCIAL
CONNEX
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Aaxel Insurance Brokers Ltd.

HELPING YOUR PLAN TODAY......FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA
Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU
Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination
5yrs follow you up
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS
FISTULAS
FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

- SUPER VISA INSURANCE
- VISITOR VISA INSURANCE
- TRAVEL INSURANCE
- STUDENT INSURANCE
- NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana
416-910-9000
rana@punjabinsurance.ca
10-7003 Steeles Ave West, Etobicoke, ON M9W 0A2
Harpreet Rana
416-871-3571
harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

KELLEY LAW OFFICE
AREA OF PRACTICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit / Attestations
SHINDER KELLEY
Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੇਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।

Best Insurance Rates
- Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator
647.990.3205

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# ASIAN FOOD CENTRE



SERVING FROM 10 LOCATIONS
IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



chatr MOBILE

BLACK FRIDAY SALE NOV 23!



ZTE Z828
~~$80~~ $59.99**
**WHEN YOU ACTIVATE AN AUTO-PAY PLAN

NO TERM CONTRACTS
NO CREDIT CHECKS
DATA, TALK & TEXT
$40/MO.

LET'S GET GOING.
CHATRMOBILE.COM

VISIT OUR LOCATIONS TODAY!

379 Main St. North, Brampton, ON

2456 Lake Shore Blvd W., Etobicoke, ON

chatr AUTHORIZED DEALER

*Taxes extra. Offer subject to change without notice. Get 2GB of data at 3G speed up to 3Mbps. Once you reach your 3G speed data allotment, your data speed will be reduced until your next anniversary date. Valid at participating location(s) above and subject to change without notice. **Offer valid only at the above participating location(s) and subject to change without notice. Only applicable to new activations with the sign-up of pre-authorized payments with Auto-pay. Taxes are extra and while quantities last. ™ Trademarks used under license. ©2018

## ਅੱਜ ਨਾਮਾ

ਰਾਜਸਥਾਨ ਵਿੱਚ ਲੱਗੀ ਹੈ ਜੰਗ ਲੱਗਦੀ,
ਰਾਜਸੀ ਜੰਗ ਦੇ ਭਿੜਨ ਭਲਵਾਨ ਬੇਲੀ।
ਚਿੰਤਾ ਆਪਣੀ ਨਾ ਇੱਜ਼ਤ ਦੂਸਰੇ ਲਈ,
ਠਿੱਬੀ ਲਾਉਣ ਦਾ ਨਿਰਾ ਧਿਆਨ ਬੇਲੀ।
ਹਾਰ-ਜਿੱਤ ਹੈ ਜੀਵਨ ਦੀ ਲੋੜ ਹੋ ਗਈ,
ਉਸ ਦੇ ਨਾਲ ਹੈ ਜੁੜੀ ਪਈ ਜਾਨ ਬੇਲੀ।
ਲਾਗੜ-ਭੂਗੜ ਦੀ ਗੱਲ ਆ ਕੀ ਕਰਨੀ,
ਗਲੀਆਂ ਵਿੱਚ ਜਾਂ ਫਿਰਨ ਪ੍ਰਧਾਨ ਬੇਲੀ।
ਪਲੋਸਦੇ ਸਿਰ ਜਵਾਕਾਂ ਦਾ ਫਿਰਨ ਸਾਰੇ,
ਵੋਟਾਂ ਤੀਕਰ ਇਹ ਖੇਡ ਹੈ ਜਾਵਣੀ ਜੀ।
ਅਗਲੀ ਵਾਰ ਨਾ ਜਦੋਂ ਤੱਕ ਚੋਣ ਆਈ,
ਲੀਡਰ ਕਿਸੇ ਨਾ ਸ਼ਕਲ ਦਿਖਾਵਣੀ ਜੀ।

ਤੀਸ ਮਾਰ ਖਾਂ

# ਗੁਰਬਾਣੀ ਦੀ ਤੁਕ ਗਲਤ ਉਚਾਰਣ ਨਾਲ ਹਰਸਿਮਰਤ ਕੌਰ ਬਾਦਲ ਵਿਵਾਦ ’ਚ ਉਲਝੀ

ਜਲੰਧਰ, 27 ਨਵੰਬਰ, (ਪੋਸਟ ਬਿਊਰੋ)- ਪਾਕਿਸਤਾਨ ਵਿਚਲੇ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਲਾਂਘੇ ਦਾ ਨੀਂਹ ਪੱਥਰ ਰੱਖਣ ਦੇ ਸਮਾਗਮ ਦੌਰਾਨ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਇਕ ਨਵੇਂ ਵਿਵਾਦ ਵਿਚ ਘਿਰ ਗਏ, ਜਿਸ ਦੀ ਸਿਰਫ ਇੱਕ ਦਿਨ ਬਾਅਦ ਮੁਆਫੀ ਮੰਗਣੀ ਪੈ ਗਈ ਹੈ।

ਅਸਲ ਵਿੱਚ ਡੇਰਾ ਬਾਬਾ ਨਾਨਕ ਵਿਖੇ ਸੋਮਵਾਰ ਨੂੰ ਹੋਏ ਇਸ ਸਮਾਗਮ ਦੇ ਸ਼ੁਰੂ ਵਿਚ ਹਰਸਿਮਰਤ ਕੌਰ ਬਾਦਲ ਨੇ ਆਪਣੇ ਸੰਬੋਧਨ ਦੌਰਾਨ ਗੁਰਬਾਣੀ ਦੀ ਪੰਕਤੀ ਗਲਤ ਤਰੀਕੇ ਨਾਲ ਪੜ੍ਹ ਦਿੱਤੀ ਸੀ। ਉਨ੍ਹਾ ਨੇ ਭਾਸ਼ਣ ਵਿੱਚ ਗੁਰਬਾਣੀ ਦੀ ਪੰਕਤੀ ‘ਸੁਣੀ ਅਰਦਾਸਿ ਸੁਆਮੀ ਮੇਰੇ, ਸਰਬ ਕਲਾ ਬਣ ਆਈ’ ਦੀ ਥਾਂ ‘ਸਗਲ ਘਟਾ ਬਣ ਆਈ’ ਪੜ੍ਹ ਦਿੱਤੀ ਸੀ। ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਇਸ ਨੂੰ ਬੱਜਰ ਭੁੱਲ ਕਰਾਰ ਦਿੰਦਿਆਂ ਹਰਸਿਮਰਤ ਕੌਰ ਬਾਦਲ ਦੇ ਖਿਲਾਫ ਕਾਰਵਾਈ ਦੀ ਮੰਗ ਚੁੱਕ ਦਿੱਤੀ। ਉਂਜ ਕਈ ਸਿੱਖ ਸੰਗਠਨਾਂ ਨੇ ‘ਧਾਰਮਿਕ ਸਟੇਜ ਉੱਤੇ ਸਿਆਸੀ ਹਮਲੇ ਬੋਲਣ’ ਦੇ ਦੋਸ਼ ਹੇਠ ਵੀ ਹਰਸਿਮਰਤ ਕੌਰ ਬਾਦਲ ਦੀ ਅਲੋਚਨਾ ਕੀਤੀ ਤੇ ਕਾਂਗਰਸ ਪਾਰਟੀ ਨੇ ਉਪ ਰਾਸ਼ਟਰਪਤੀ ਦੇ ਸਾਹਮਣੇ ਪ੍ਰੋਟੋਕੋਲ ਤੋੜਨ ਦੇ ਦੋਸ਼ ਵੀ ਕੇਂਦਰੀ ਮੰਤਰੀ ਬੀਬੀ ਬਾਦਲ ਉੱਤੇ ਲਾਏ ਹਨ।

ਇਸ ਦੌਰਾਨ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਡੇਰਾ ਬਾਬਾ ਨਾਨਕ ਵਿਖੇ ਸੋਮਵਾਰ ਦੇ ਸਮਾਗਮ ਵਿਚ ਆਪਣੇ ਭਾਸ਼ਨ ਦੌਰਾਨ ਗੁਰਬਾਣੀ ਦੀ ਤੁਕ ਦੇ ਗ਼ਲਤ ਉਚਾਰਣ ਲਈ ਅੱਜ ਗੁਰੂ ਸਾਹਿਬਾਨ ਅਤੇ ਸਿੱਖ ਸੰਗਤ ਤੋਂ ਮੁਆਫ਼ੀ ਮੰਗ ਲਈ ਹੈ। ਹਰਸਿਮਰਤ ਕੌਰ ਬਾਦਲ ਨੇ ਆਪਣੇ ਫੇਸਬੁਕ ਪੇਜ ਉੱਤੇ ਪੋਸਟ ਪਾ ਕੇ ਮੁਆਫ਼ੀ ਮੰਗੀ ਹੈ। ਇਸ ਸੰਬੰਧ ਵਿੱਚ ਸਰਬੱਤ ਖਾਲਸਾ ਵੱਲੋਂ ਥਾਪੇ ਹੋਏ ਬਦਲਵੇਂ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦਾ ਕਹਿਣਾ ਸੀ ਕਿ ਆਪਣੇ ਆਪ ਨੂੰ ਗੁਰੂ ਪ੍ਰਤੀ ਸਭ ਤੋਂ ਵੱਧ ਸਤਿਕਾਰ ਵਾਲਾ ਦੱਸਦੇ ਪਰਿਵਾਰ ਦੀ ਮੈਂਬਰ ਹਰਸਿਮਰਤ ਕੌਰ ਬਾਦਲ ਵੱਲੋਂ ਗੁਰਬਾਣੀ ਦੇ ਗ਼ਲਤ ਉਚਾਰਣ ਨਾਲ ਦੇਸ਼-ਵਿਦੇਸ਼ ਵਿਚ ਬੈਠੀ ਸੰਗਤ ਨੂੰ ਗ਼ਲਤ ਸੁਨੇਹਾ ਗਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਗਤ ਵੱਲੋਂ ਉਨ੍ਹਾਂ ਕੋਲ ਇਸ ਬਾਰੇ ਸ਼ਿਕਾਇਤਾਂ ਆਈਆਂ ਹਨ ਤੇ ਉਹ ਇਹ ਮਾਮਲਾ ਵਿਚਾਰ ਰਹੇ ਹਨ। ਉਨ੍ਹਾਂ ਕਿਹਾ ਕਿ ਫੇਸਬੁਕ ਪੇਜ ਉੱਤੇ ਮੁਆਫ਼ੀ ਨਹੀਂ ਮੰਗੀ ਜਾ ਸਕਦੀ, ਬੀਬੀ ਗੁਰੂ ਘਰ ਜਾ ਕੇ ਮੁਆਫ਼ੀ ਮੰਗੇ।

ਇੱਕੋ ਦਿਨ ਬਾਅਦ ਮੁਆਫੀ ਮੰਗਣੀ ਪਈ



# ਨਵੇਂ ਪਲਾਂਟ ਵਿੱਚ 660 ਮਿਲੀਅਨ ਡਾਲਰ ਨਿਵੇਸ਼ ਕਰੇਗੀ ਮੇਪਲ ਲੀਫ

ਲੰਡਨ, 27 ਨਵੰਬਰ (ਪੋਸਟ ਬਿਊਰੋ) : ਮੇਪਲ ਲੀਫ ਫੂਡਜ਼ ਇਨਕਾਰਪੋਰੇਸ਼ਨ 660 ਮਿਲੀਅਨ ਡਾਲਰ ਦੀ ਲਾਗਤ ਨਾਲ ਲੰਡਨ, ਓਨਟਾਰੀਓ ਵਿੱਚ ਫਰੈੱਸ਼ ਪੋਲਟਰੀ ਫੈਸਿਲਿਟੀ ਦਾ ਨਿਰਮਾਣ ਕਰ ਰਹੀ ਹੈ। ਇਸ ਨਾਲ ਪ੍ਰੋਵਿੰਸ ਵਿੱਚ ਤਿੰਨ ਉਮਰ ਵਿਹਾਅ ਚੁੱਕੇ ਪਲਾਂਟਸ ਨੂੰ ਬੰਦ ਕਰਕੇ ਮੇਪਲ ਲੀਫ ਦੀ ਨਵੀਂ ਫੈਸਿਲਿਟੀ ਵਿੱਚ ਵੱਧ ਕੀਮਤ ਵਾਲੀਆਂ ਵਸਤਾਂ ਤਿਆਰ ਕਰਨ ਦੀ ਸਮਰੱਥਾ ਵੀ ਵੱਧ ਜਾਵੇਗੀ।

ਇਹ ਪ੍ਰੋਟੀਨ ਕੰਪਨੀ ਸ਼ੁਰੂਆਤ ਵਿੱਚ ਪਲਾਂਟ ਵਿੱਚ 605.5 ਮਿਲੀਅਨ ਡਾਲਰ ਦਾ ਨਿਵੇਸ਼ ਕਰੇਗੀ ਤੇ ਇਹ ਪਲਾਂਟ ਪੂਰਬੀ ਕੈਨੇਡਾ ਦੀਆਂ ਲੋੜਾਂ ਪੂਰੀਆਂ ਕਰੇਗਾ। ਇਸ ਦੇ ਨਾਲ ਹੀ ਵਾਧੂ 5 ਮਿਲੀਅਨ ਡਾਲਰ ਅਗਲੇ ਪੰਜ ਸਾਲਾਂ ਵਿੱਚ ਸਬੰਧਤ ਉਤਪਾਦਾਂ ਵਿੱਚ ਨਿਵੇਸ਼ ਕੀਤਾ ਜਾਵੇਗਾ ਜਦਕਿ 34.5 ਮਿਲੀਅਨ ਡਾਲਰ ਓਨਟਾਰੀਓ ਸਰਕਾਰ ਵੱਲੋਂ ਮੁਹੱਈਆ ਕਰਵ-ਾਇਆ ਜਾਵੇਗਾ ਤੇ 28 ਮਿਲੀਅਨ ਡਾਲਰ ਕੈਨੇਡੀਅਨ ਸਰਕਾਰ ਦੇਵੇਗੀ। ਇਸ ਨਾਲ 300 ਰੋਜ਼ਗਾਰ ਦੇ ਮੌਕੇ ਖਤਮ ਹੋ ਜਾਣਗੇ। ਇਹ ਫੈਸਿਲਿਟੀ 60,000 ਸਕੁਏਅਰ ਮੀਟਰ ਵਿੱਚ ਫੈਲੀ ਹੋਵੇਗੀ ਤੇ ਜਦੋਂ ਇਹ ਫੈਸਿਲਿਟੀ ਕੰਮ ਕਰਨਾ ਸ਼ੁਰੂ ਕਰੇਗੀ ਤਾਂ ਇਸ ਵਿੱਚ 1450 ਫੁੱਲ ਤੇ ਪਾਰਟ ਟਾਈਮ ਵਰਕਰ ਕੰਮ ਕਰਨਗੇ। ਇੱਥੇ 2021 ਦੀ ਦੂਜੀ ਛਿਮਾਹੀ ਵਿੱਚ ਕੰਮ ਸ਼ੁਰੂ ਹੋਣ ਦੀ ਸੰਭਾਵਨਾ ਹੈ। ਇਸ ਫੈਸਿਲਿਟੀ ਦੀ ਉਸਾਰੀ ਅਗਲੇ ਸਾਲ ਬਹਾਰ ਵਿੱਚ ਸ਼ੁਰੂ ਹੋ ਜਾਵੇਗੀ।

# ਰਾਇਰਸਨ ਯੂਨੀਵਰਸਿਟੀ ਹੁਣ ਬਰੈਂਪਟਨ ਲਈ ਯੂਨੀਵਰਸਿਟੀ ਦੀ ਬਜਾਏ ਹੁਣ ਇੱਥੇ ਸਾਈਬਰ ਸਕਿਉਰਿਟੀ ਨਾਲ ਸਬੰਧਿਤ ਕੋਰਸ ਲਿਆਏਗੀ

ਬਰੈਂਪਟਨ, (ਡਾ. ਝੰਡ) - ਓਨਟਾਰੀਓ ਦੇ ਪ੍ਰੀਮੀਅਰ ਡੱਗ ਫ਼ੋਰਡ ਵੱਲੋਂ ਬਰੈਂਪਟਨ ਵਿਚ ਬਣਨ ਵਾਲੀ ਯੂਨੀਵਰਸਿਟੀ ਲਈ ਫ਼ੰਡ ਦੇਣ ਤੋਂ ਕੋਰੀ ਨਾਂਹ ਤੋਂ ਬਾਅਦ ਇਸ ਯੂਨੀਵਰਸਿਟੀ ਦਾ ਭਵਿੱਖ ਇਕ ਵਾਰ ਤਾਂ ਧੁੰਧਲਾ ਪੈ ਗਿਆ ਹੈ ਕਿਉਂਕਿ ਫ਼ੋਰਡ ਨੇ ਸਾਫ਼ ਸ਼ਬਦਾਂ ਵਿਚ ਕਹਿ ਦਿੱਤਾ ਹੈ ਕਿ ਸੂਬਾ ਸਰਕਾਰ ਕੋਲ ਤਿੰਨ ਸ਼ਹਿਰਾਂ ਮਿਲਟਨ, ਬਰੈਂਪਟਨ ਅਤੇ ਮਾਰਖ਼ਮ ਵਿਚ ਪਿਛਲੀ ਲਿਬਰਲ ਸਰਕਾਰ ਵੱਲੋਂ ਐਲਾਨ ਕੀਤੀਆਂ ਗਈਆਂ ਇਨ੍ਹਾਂ ਯੂਨੀਵਰਸਿਟੀਆਂ ਨੂੰ ਦੇਣ ਲਈ ਕੋਈ ਫ਼ੰਡ ਨਹੀਂ ਹਨ। ਉਨ੍ਹਾਂ ਨੇ ਤਾਂ ਇਹ ਵੀ ਕਹਿ ਦਿੱਤਾ ਹੈ ਕਿ ਸਾਬਕਾ ਪ੍ਰੀਮੀਅਰ ਕੈਥਲਿਨ ਵਿੱਨ ਨੇ ਸਾਰੇ ਪਾਸੇ ਅੰਨ੍ਹੇਵਾਹ ਖ਼ਰਚ ਕਰਕੇ ਸੂਬੇ ਦਾ ਖ਼ਜ਼ਾਨਾ ਖ਼ਾਲੀ ਕਰ ਦਿੱਤਾ ਹੈ ਅਤੇ ਇਸ ਸਮੇਂ ਉਨ੍ਹਾਂ ਵੱਲੋਂ ਇਨ੍ਹਾਂ ਯੂਨੀਵਰਸਿਟੀਆਂ ਲਈ ਫ਼ੰਡ ਦੇਣੇ ਸੰਭਵ ਨਹੀਂ ਹਨ। ਭਵਿੱਖ ਵਿਚ ਹੀ ਵੇਖਿਆ ਜਾਏਗਾ ਕਿ ਇਸ ਦੇ ਬਾਰੇ ਕੀ ਕਰਨਾ ਹੈ।

ਫ਼ੋਰਡ ਦੇ ਇਸ ਐਲਾਨ ਦੀ ਰੌਸ਼ਨੀ ਵਿਚ ਰਾਇਰਸਨ ਯੂਨੀਵਰਸਿਟੀ ਜਿਸ ਨੇ ਬਰੈਂਪਟਨ ਯੂਨੀਵਰਸਿਟੀ ਨੂੰ ਲੋੜੀਂਦਾ ਅਕਾਦਮਿਕ ਸਹਿਯੋਗ ਦੇਣਾ ਸੀ, ਨੇ ਹੁਣ ਉਸ ਦੇ ਜੀ ਰੇਮੰਡ ਚੈਂਗ ਸਕੂਲ ਆਫ਼ ਕੰਟੀਨਿਊਇੰਗ ਐਜੂਕੇਸ਼ਨ ਵੱਲੋਂ ਬਰੈਂਪਟਨ ਡਾਊਨ ਟਾਊਨ ਵਿਚ ਇਕ ਵੱਡੇ ਸਿੱਖਿਆ ਪ੍ਰੋਜੈੱਕਟ ਦਾ ਐਲਾਨ ਕੀਤਾ ਗਿਆ ਹੈ ਜਿਸ ਵਿਚ ਉਹ ਸਾਈਬਰ ਸਕਿਉਰਿਟੀ ਦੇ ਖ਼ੇਤਰ ਵਿਚ ਕੰਪਿਊਟਰ ਸਕਿਉਰਿਟੀ ਐਂਡ ਡਿਜੀਟਲ ਫ਼ੌਰੈਂਸਿਕਸ ਦੇ ਸਰਟੀਫ਼ੀਕੇਟ ਦੁਆਰਾ ਪਹਿਲਾ ਕੋਰਸ 14 ਜਨਵਰੀ 2019 ਤੋਂ ਸ਼ੁਰੂ ਕਰੇਗੀ। ਕੰਪਿਊਟਰ ਨੈੱਟਵਰਕ ਸਕਿਉਰਿਟੀ ਅਤੇ ਸਕਿਉਰਿਟੀ ਆਰਕੀਟੈੱਕਚਰ ਐਂਡ ਡੀਜ਼ਾਈਨ ਨਾਲ ਸਬੰਧਿਤ ਇਹ ਦੋਵੇਂ ਕੋਰਸ ਡਾਊਨ ਟਾਊਨ ਦੇ ਜੌਰਜ ਸਟਰੀਟ ਤੇ ਵੈੱਸਟ ਟਾਵਰ ਵਿਚ ਸੋਮਵਾਰ ਅਤੇ ਵੀਰਵਾਰ ਨੂੰ ਸ਼ਾਮ ਦੇ ਸਮੇਂ ਚੱਲਣਗੇ।



ਇਸ ਦੇ ਬਾਰੇ ਗੱਲ ਕਰਦਿਆਂ ਰਾਇਰਸਨ ਯੂਨੀਵਰਸਿਟੀ ਦੇ ਮੁੱਖ ਅਧਿਕਾਰੀ ਜੈੱਫ਼ ਬੋਮੈਨ ਨੇ ਕਿਹਾ ਕਿ ਸਾਈਬਰ ਸਕਿਉਰਿਟੀ ਬਰੈਂਪਟਨ ਵਿਚ ਹੀ ਨਹੀਂ ਸਗੋਂ ਪੂਰੀ ਦੁਨੀਆਂ ਵਿਚ ਕਾਰੋਬਾਰੀਆਂ ਲਈ ਮੁੱਖ ਤਰਜੀਹ ਹੈ ਅਤੇ ਚੈਂਗ ਸਕੂਲ ਪ੍ਰੋਗਰਾਮਿੰਗ ਅਤੇ ਡਾਊਨ ਟਾਊਨ ਲਈ ਭਵਿੱਖਮਈ ਲੋੜੀਂਦੀਆਂ ਯੋਜਨਾਵਾਂ ਅਤੇ ਨੌਕਰੀਆਂ ਲਈ ਪੇਸ਼ੇਵਰ ਸੰਭਾਵਨਾਵਾਂ ਤੇ ਪ੍ਰਤਿੱਭਾਵਾਨ ਵਿਅੱਕਤੀਆਂ ਲਈ ਬਹਤ ਵਧੀਆ ਮੌਕੇ ਪ੍ਰਦਾਨ ਕਰਦੀਆਂ ਹਨ। ਜੀ. ਰੇਮੰਡ ਚੈਂਗ ਸਕੂਲ ਆਫ਼ ਕੰਟੀਨਿਊਇੰਗ ਐਜੂਕੇਸ਼ਨ ਦੀ ਡੀਨ ਡਾ. ਮੈਰੀ ਬਾਊਨ ਟ੍ਰੋਗਿਆਨੀ ਦਾ ਕਹਿਣਾ ਸੀ ਕਿ ਅਸੀਂ ਇਹ ਮਹੱਤਵ ਪੂਰਵਕ ਕੋਰਸ ਪੇਸ਼ਕਸ਼ਾਂ ਬਰੈਂਪਟਨ ਦੇ ਭਾਈਚਾਰੇ ਵਿਚ ਲਿਆਉਣ ਅਤੇ ਸਾਈਬਰ ਸਕਿਉਰਿਟੀ ਦੀਆਂ ਭਵਿੱਖਮਈ ਚੁਣੌਤੀਆਂ ਲਈ ਤਕਨੀਕੀ ਖ਼ੇਤਰ ਦੇ ਵਰਕਰਾਂ ਦੀ ਅਗਲੀ ਲਹਿਰ ਤਿਆਰ ਕਰਨ ਲਈ ਉਤਸ਼ਾਹਿਤ ਹਾਂ ਅਤੇ ਇਹ ਬਰੈਂਪਟਨ ਦੇ ਨੌਜੁਆਨਾਂ ਲਈ ਨਵੇਂ ਮੌਕੇ ਪੈਦਾ ਕਰਨ ਲਈ ਸਹਾਈ ਹੋਵੇਗਾ।

ਇੱਥੇ ਇਹ ਵਰਨਣਯੋਗ ਹੈ ਕਿ ਜਦੋਂ ਦਾ ਸੂਬਾ ਸਰਕਾਰ ਨੇ ਬਰੈਂਪਟਨ, ਮਿਲਟਨ ਅਤੇ ਮਾਰਖ਼ਮ ਵਿਚ ਯੂਨੀਵਰਸਿਟੀ ਪ੍ਰਾਜੈੱਕਟਾਂ ਲਈ ਫ਼ੰਡਿੰਗ ਸਬੰਧੀ ਆਪਣਾ ਹੱਥ ਖਿੱਚਿਆ ਹੈ, ਬਰੈਂਪਟਨ ਸਿਟੀ ਨੇ ਇਸ ਦੇ ਡਾਊਨ ਟਾਊਨ ਵਿਚ ਰਾਇਰਸਨ ਯੂਨੀਵਰਸਿਟੀ ਅਤੇ ਸ਼ੈਰੀਡਨ ਕਾਲਜ ਨੂੰ ਸਥਾਪਿਤ ਕਰਨ ਲਈ ਕਈ ਪਹਿਲ-ਕਦਮੀਆਂ ਅਤੇ ਬਦਲਾਵਾਂ 'ਤੇ ਉਨ੍ਹਾਂ ਨਾਲ ਮਿਲ ਕੇ ਲਗਾਤਾਰ ਕੰਮ ਕੀਤਾ ਹੈ ਅਤੇ ਉਹ ਇਨ੍ਹਾਂ ਨਵੇਂ ਕੋਰਸਾਂ ਨੂੰ ਬਰੈਂਪਟਨ ਵਿਚ ਲਿਆਉਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ। ਬਰੈਂਪਟਨ 2019 ਵਿਚ ਡਾਊਨ ਟਾਊਨ ਵਿਚ ਇਕ ਨਵਾਂ ਬਿਜ਼ਨੈੱਸ ਇਨਕਿਊਬੇਟਰ ਖੋਲ੍ਹਣ ਦੇ ਕੰਮ ਵਿਚ ਵੀ ਅੱਗੇ ਵੱਧ ਰਿਹਾ ਹੈ ਅਤੇ ਰਾਇਰਸਨ ਯੂਨੀਵਰਸਿਟੀ ਵੱਲੋਂ ਇਸ ਵਿਚ ਵੀ ਲੋੜੀਂਦਾ ਸਹਿਯੋਗ ਦੇਣ ਲਈ ਪੇਸ਼ਕਸ਼ ਕੀਤੀ ਗਈ ਹੈ।

# ਜਲਦ ਵਿਆਹ ਕਰਵਾਉਣ ਜਾ ਰਹੀ ਹੈ ਗ੍ਰੀਨ ਪਾਰਟੀ ਦੀ ਆਗੂ ਮੇਅ

ਓਟਵਾ, 27 ਨਵੰਬਰ (ਪੋਸਟ ਬਿਊਰੋ) : ਐਲਿਜ਼ਾਬੈੱਥ ਜਲਦ ਹੀ ਵਿਆਹ ਕਰਵਾਉਣ ਜਾ ਰਹੀ ਹੈ। ਸੋਮਵਾਰ ਦੁਪਹਿਰ ਨੂੰ ਗ੍ਰੀਨ ਪਾਰਟੀ ਨੇ ਮੇਅ ਦੀ ਮੰਗਣੀ ਬਾਰੇ ਟਵਿੱਟਰ ਉੱਤੇ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ 64 ਸਾਲਾ ਮੇਅ ਨੂੰ ਉਸ ਦੇ ਮੰਗੇਤਰ ਜੌਹਨ ਕਿੱਡਰ ਵੱਲੋਂ ਪਾਰਲੀਆਮੈਂਟ ਦੀ ਲਾਇਬ੍ਰੇਰੀ ਵਿੱਚ ਚੁੰਮਦਿਆਂ ਦੀ ਫੋਟੋ ਵੀ ਟਵਿੱਟਰ ਉੱਤੇ ਸਾਂਝੀ ਕੀਤੀ ਗਈ ਹੈ।



ਆਪਣੇ ਵੱਲੋਂ ਕੀਤੇ ਗਏ ਟਵੀਟ ਵਿੱਚ ਮੇਅ ਨੇ ਆਖਿਆ ਹੈ ਕਿ ਇਸ ਤੋਂ ਵੱਧ ਖੁਸ਼ ਉਹ ਕਦੇ ਵੀ ਨਹੀਂ ਰਹੀ। ਆਨਲਾਈਨ ਬਾਇਓਗ੍ਰਾਫੀ ਵਿੱਚ ਉਦੋਂ ਤੋਂ ਦੱਸਿਆ ਗਿਆ ਹੈ ਜਦੋਂ ਕਿੱਡਰ ਨੇ ਬ੍ਰਿਟਿਸ਼ ਕੋਲੰਬੀਆ ਤੋਂ ਗ੍ਰੀਨ ਪਾਰਟੀ ਦੀ ਚੋਣ ਲੜੀ ਸੀ, ਇਸ ਵਿੱਚ ਦੱਸਿਆ ਗਿਆ ਹੈ ਕਿ ਉਸ ਦਾ ਜਨਮ ਨਾਰਥਵੇਸਟ ਟੈਰੇਟਰੀਜ਼ ਵਿੱਚ ਹੋਇਆ ਤੇ ਉਸ ਨੇ ਯੂਬੀਸੀ ਵਿੱਚ ਪੜ੍ਹਾਈ ਤੋਂ ਬਾਅਦ ਕਾਓਬੁਆਏ ਵਜੋਂ ਕੰਮ ਕੀਤਾ, ਮਾਈਨਿੰਗ ਕੀਤੀ, ਪਾਈਪਲਾਈਨ ਦੇ ਨਿਰਮਾਣ ਵਿੱਚ ਕੰਮ ਕੀਤਾ, ਮੁੱਛੀਆਂ ਖਰੀਦਣ ਵਾਲੇ ਵਜੋਂ ਤੇ ਵੇਅਰਹਾਊਸ ਵਿੱਚ ਕੰਮ ਕੀਤਾ। ਇਸ ਤੋਂ ਬਾਅਦ ਉਹ ਟੈਕਨਾਲੋਜੀ ਕੰਪਨੀ ਐਂਟਰਪ੍ਰੋਨਿਓਰ ਵਜੋਂ ਕੰਮ ਕਰਨ ਲੱਗਿਆ।

ਹੁਣ 71 ਸਾਲਾਂ ਨੂੰ ਢੁੱਕੇ ਕਿੱਡਰ ਐਸਕ੍ਰੋਫਟ, ਬੀਸੀ ਵਿੱਚ ਪਰਿਵਾਰ ਦਾ ਫਾਰਮ ਸਾਂਭਦੇ ਹਨ। ਮੇਅ ਵਾਂਗ ਹੀ ਕਿੱਡਰ ਦਾ ਵੀ ਸਿਆਸੀ ਕਰੀਅਰ ਹੈ। 2011 ਦੀਆਂ ਫੈਡਰਲ ਚੋਣਾਂ ਵਿੱਚ ਕਿੱਡਰ ਓਕਨਾਗਾਨ-ਕੋਕੀਹਾਲਾ ਤੋਂ ਲਿਬਰਲ ਪਾਰਟੀ ਲਈ ਖੜ੍ਹੇ ਹੋਏ ਸਨ ਤੇ ਉਹ ਤੀਜੇ ਸਥਾਨ ਉੱਤੇ ਰਹੇ। ਕਿੱਡਰ ਨੇ ਦੱਸਿਆ ਕਿ ਮੇਅ ਨਾਲ ਉਨ੍ਹਾਂ ਦੀ ਮੁਲਾਕਾਤ 2013 ਵਿੱਚ ਉਦੋਂ ਹੋਈ ਜਦੋਂ ਉਹ ਬੀਸੀ ਦੀ ਗ੍ਰੀਨ ਪਾਰਟੀ ਲਈ ਖੜ੍ਹੇ ਹੋਏ। ਬੀਤੀ ਸਤੰਬਰ ਉਨ੍ਹਾਂ ਦੀ ਦੋਸਤੀ ਪਿਆਰ ਵਿੱਚ ਬਦਲ ਗਈ। ਇੱਥੇ ਦੱਸਣਾ ਬਣਦਾ ਹੈ ਕਿ ਮੇਅ ਕੋਲ ਪਹਿਲਾਂ ਹੀ ਇੱਕ ਬੇਟੀ ਹੈ ਤੇ ਕਿੱਡਰ ਤਿੰਨ ਬੱਚਿਆਂ ਦੇ ਪਿਤਾ ਹਨ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰ਼ੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

UK Truck Training Centre
Ministry Approved Private Carrier College
○Automatic & Manual Trucks
●1 on 1 Training
○Forklift Training
Forklift $79
Reach Truck
Counterbalance
“We Provide Training For Forklift & Trucks”
17 ਸਾਲਾਂ ਦਾ ਤਜਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

SherGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# 'ਆਪ' ਪਾਰਟੀ ਦੇ ਬਾਗੀਆਂ ਨੇ ਬੈਂਸ ਭਰਾਵਾਂ ਤੇ ਧਰਮਵੀਰ ਗਾਂਧੀ ਨਾਲ ਜੋੜ ਜੋੜਿਆ



ਚੰਡੀਗੜ੍ਹ, 27 ਨਵੰਬਰ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਵਿੱਚੋਂ ਬਾਗੀ ਹੋਏ ਗਰੁੱਪ ਦੇ ਆਗੂ ਸੁਖਪਾਲ ਸਿੰਘ ਖਹਿਰਾ, ਲੋਕ ਇਨਸਾਫ਼ ਪਾਰਟੀ ਦੇ ਲੁਧਿਆਣੇ ਵਾਲੇ ਬੈਂਸ ਭਰਾਵਾਂ ਅਤੇ ਪਾਰਲੀਮੈਂਟ ਮੈਂਬਰ ਤੇ ਪੰਜਾਬ ਮੰਚ ਦੇ ਮੁਖੀ ਡਾ: ਧਰਮਵੀਰ ਗਾਂਧੀ ਨੇ ਅੱਜ ਅਸਿੱਧੇ ਤਰੀਕੇ ਨਾਲ ਸਿਆਸੀ ਸਾਂਝ ਪਾ ਕੇ ਛੇਤੀ ਹੀ ਰਿਵਾਇਤੀ ਸਿਆਸੀ ਧਿਰਾਂ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਦੇ ਬਰਾਬਰ ਇੱਕ ਸਿਆਸੀ ਧਿਰ ਬਣਾਉਣ ਦੇ ਸੰਕੇਤ ਦਿੱਤੇ ਹਨ।

ਅੱਜ ਏਥੇ ਸਾਂਝੇ ਤੌਰ ਉੱਤੇ ਇਨ੍ਹਾਂ ਤਿੰਨਾਂ ਧਿਰਾਂ ਦੇ ਆਗੂਆਂ ਨੇ ਪੰਜਾਬ ਦੇ ਮੁੱਖ ਮੁੱਦਿਆਂ ਬਾਰੇ 8 ਤੋਂ 16 ਦਸੰਬਰ ਤਕ 9 ਦਿਨਾ ਇਨਸਾਫ਼ ਮਾਰਚ ਕੱਢਣ ਦਾ ਐਲਾਨ ਕੀਤਾ। ਜਾਣਕਾਰ ਸੂਤਰਾਂ ਅਨੁਸਾਰ ਇਹ ਧਿਰਾਂ ਇਨਸਾਫ਼ ਮਾਰਚ ਦੇ ਨਾਲ ਆਪਣਾ ਸਿਆਸੀ ਆਧਾਰਾ ਪਰਖਣਾ ਚਾਹੁੰਦੀਆਂ ਹਨ ਤੇ ਲੋਕਾਂ ਦਾ ਹੁੰਗਾਰਾ ਵੇਖਣ ਪਿੱਛੋਂ ਨਵੀਂ ਸਿਆਸੀ ਧਿਰ ਖੜੀ ਕਰਨ ਦਾ ਫ਼ੈਸਲਾ ਲਿਆ ਜਾਵੇਗਾ। ਇਨ੍ਹਾਂ ਧਿਰਾਂ ਨੇ ਬਰਗਾੜੀ ਵਿਚ ਪਹਿਲੀ ਜੂਨ ਤੋਂ ਚੱਲਦੇ ਇਨਸਾਫ਼ ਮੋਰਚੇ ਵਾਂਗ ਇਸ ਮਾਰਚ ਦਾ ਨਾਂਅ 'ਇਨਸਾਫ਼ ਮਾਰਚ' ਰੱਖਣ ਦਾ ਐਲਾਨ ਕਰ ਲਿਆ ਹੈ, ਪਰ ਬਰਗਾੜੀ ਮੋਰਚੇ ਵਾਲੀ ਕੋਈ ਗਿਣਨ ਯੋਗ ਧਿਰ ਇਨ੍ਹਾਂ ਦੇ ਇਸ ਇਨਸਾਫ਼ ਮਾਰਚ ਦੇ ਐਲਾਨ ਵਿਚ ਸ਼ਾਮਲ ਨਹੀਂ ਹੋਈ।

ਆਮ ਆਦਮੀ ਪਾਰਟੀ ਦੇ ਬਾਗੀ ਧੜੇ ਦੇ ਆਗੂ ਤੇ ਪਾਰਟੀ ਵਿਚੋਂ ਸਸਪੈਂਡ ਕੀਤੇ ਹੋਏ ਵਿਧਾਇਕ ਸੁਖਪਾਲ ਸਿੰਘ ਖਹਿਰਾ, ਲੋਕ ਇਨਸਾਫ਼ ਪਾਰਟੀ ਦੇ ਦੋਵੇਂ ਵਿਧਾਇਕਾਂ ਸਿਮਰਜੀਤ ਸਿੰਘ ਬੈਂਸ ਅਤੇ ਬਲਵਿੰਦਰ ਸਿੰਘ ਬੈਂਸ ਅਤੇ ਪੰਜਾਬ ਮੰਚ ਦੇ ਮੁਖੀ ਅਤੇ 'ਆਪ' ਤੋਂ ਸਸਪੈਂਡ ਕੀਤੇ ਹੋਏ ਪਟਿਆਲਾ ਤੋਂ ਪਾਰਲੀਮੈਂਟ ਮੈਂਬਰ ਡਾ. ਧਰਮਵੀਰ ਗਾਂਧੀ ਨੇ ਇੱਥੇ ਮੀਡੀਆ ਨੂੰ ਸੰਬੋਧਨ ਕਰਦਿਆਂ ਐਲਾਨ ਕੀਤਾ ਕਿ ਇਨਸਾਫ਼ ਮਾਰਚ ਦੇ ਅਖੀਰਲੇ ਦਿਨ ਪਟਿਆਲਾ ਵਿਚ ਸਮਾਪਤੀ ਰੈਲੀ ਦੇ ਵਕਤ ਲੋਕਾਂ ਤੋਂ ਤੀਸਰਾ ਸਿਆਸੀ ਫਰੰਟ ਬਣਾਉਣ ਬਾਰੇ ਲਈ ਜਾਵੇਗੀ ਅਤੇ ਜੇ ਲੋਕਾਂ ਨੇ ਇਹ ਫਰੰਟ ਬਣਾਉਣ ਦੀ ਹਾਮੀ ਭਰੀ ਤਾਂ ਨਵੀਂ ਸਿਆਸੀ ਧਿਰ ਵੀ ਬਣਾਈ ਜਾਵੇਗੀ। ਇਨ੍ਹਾਂ ਨੇ 8 ਦਸੰਬਰ ਨੂੰ ਤਲਵੰਡੀ ਸਾਬੋ ਤੋਂ ਇਨਸਾਫ਼ ਮਾਰਚ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ, ਜਿਹੜਾ 9 ਦਿਨਾਂ ਬਾਅਦ 16 ਦਸੰਬਰ ਨੂੰ ਪਟਿਆਲਾ ਵਿਚ ਸਮਾਪਤ ਹੋਵੇਗਾ।

ਇਸ ਮੌਕੇ ਸੁਖਪਾਲ ਸਿੰਘ ਖਹਿਰਾ ਅਤੇ ਡਾ: ਧਰਮਵੀਰ ਗਾਂਧੀ ਨੇ ਦੱਸਿਆ ਕਿ ਨਵੀਂ ਸਿਆਸੀ ਪਾਰਟੀ ਬਣਾਉਣ ਲਈ ਉਹ ਦੋ-ਤਿੰਨ ਮੀਟਿੰਗਾਂ ਕਰ ਚੁੱਕੇ ਹਨ ਅਤੇ ਜਲਦੀ ਹੀ ਸੁੱਚਾ ਸਿੰਘ ਛੋਟੇਪੁਰ, ਜਗਮੀਤ ਸਿੰਘ ਬਰਾੜ ਅਤੇ ਹੋਰ ਪੰਜਾਬੀ ਹਿਤੈਸ਼ੀ ਧਿਰਾਂ ਨੂੰ ਨਾਲ ਲੈ ਕੇ ਨਵੀਂ ਸਿਆਸੀ ਧਿਰ ਬਣਾਈ ਜਾ ਸਕਦੀ ਹੈ। ਵਰਨਣ ਯੋਗ ਹੈ ਕਿ ਆਮ ਆਦਮੀ ਪਾਰਟੀ ਦੇ ਬਾਗੀ ਧੜੇ ਨਾਲ ਅੱਠ ਵਿਧਾਇਕ ਹਨ, ਪਰ ਅੱਜ ਕੀਤੀ ਗਈ ਪ੍ਰੈੱਸ ਕਾਨਫਰੰਸ ਵਿਚ ਸੁਖਪਾਲ ਸਿੰਘ ਖਹਿਰਾ ਅਤੇ ਪਾਰਟੀ ਤੋਂ ਸਸਪੈਂਡ ਕੀਤੇ ਵਿਧਾਇਕ ਕੰਵਰ ਸੰਧੂ ਹੀ ਹਾਜ਼ਰ ਸਨ।

# ਬੇਅਦਬੀ ਕੇਸ ਦੀ ਜਾਂਚ ਵਿੱਚ ਗਿਆਨੀ ਗੁਰਬਚਨ ਸਿੰਘ ਨੂੰ ਸ਼ਾਮਿਲ ਕਰਨ ਦੀ ਮੰਗ ਵੀ ਉੱਠੀ

ਅੰਮ੍ਰਿਤਸਰ, 27 ਨਵੰਬਰ, (ਪੋਸਟ ਬਿਊਰੋ)- ਸਾਢੇ ਤਿੰਨ ਸਾਲ ਪਹਿਲਾਂ ਹੋਏ ਬੇਅਦਬੀ ਅਤੇ ਗੋਲੀ ਕਾਂਡ ਦੀ ਜਾਂਚ ਕਰਨ ਲਈ ਪੰਜਾਬ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ ਤੋਂ ਮੰਗ ਕੀਤੀ ਗਈ ਹੈ ਕਿ ਇਸ ਜਾਂਚ ਵਿੱਚ ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਵੀ ਸੱਦ ਕੇ ਪੁੱਛਗਿੱਛ ਕੀਤੀ ਜਾਵੇ। ਇਹ ਮੰਗ ਅਕਾਲੀ ਦਲ ਤੋਂ ਕੱਢੇ ਗਏ ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ ਨੇ ਉਠਾਈ ਹੈ। ਉਸ ਨੇ ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਅਤੇ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਮਿਲ ਕੇ ਅੱਜ ਆਪਣੀ ਇਸ ਮੰਗ ਬਾਰੇ ਪੱਤਰ ਦਿੱਤਾ ਹੈ।



ਅਮਰਪਾਲ ਸਿੰਘ ਬੋਨੀ ਨੇ ਕਿਹਾ ਕਿ ਆਈ ਜੀ ਨੇ ਭਰੋਸਾ ਦਿੱਤਾ ਹੈ ਕਿ ਇਸ ਕੇਸ ਵਿਚ ਨਿਆਂ ਕੀਤਾ ਜਾਵੇਗਾ ਤੇ ਲੋੜ ਮੁਤਾਬਕ ਕਿਸੇ ਵੀ ਵਿਅਕਤੀ ਤੋਂ ਪੁੱਛਗਿਛ ਕੀਤੀ ਜਾ ਸਕਦੀ ਹੈ। ਵਰਨਣ ਯੋਗ ਹੈ ਕਿ ਜਾਂਚ ਟੀਮ ਇਸੇ ਕੇਸ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਉੱਪ ਮੁਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਉਘੇ ਕਲਾਕਾਰ ਅਕਸ਼ੈ ਕੁਮਾਰ ਤੋਂ ਵੀ ਪੁੱਛਗਿੱਛ ਕਰ ਚੁੱਕੀ ਹੈ। ਇਹ ਵਿਸ਼ੇਸ਼ ਜਾਂਚ ਟੀਮ ਪੰਜਾਬ ਸਰਕਾਰ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਾਂਚ ਰਿਪੋਰਟ ਤੋਂ ਬਾਅਦ ਅਗਲੀ ਕਾਰਵਾਈ ਕਰਨ ਦੇ ਲਈ ਬਣਾਈ ਹੈ।

ਸਾਬਕਾ ਅਕਾਲੀ ਵਿਧਾਇਕ ਅਮਰਪਾਲ ਸਿੰਘ ਬੋਨੀ ਵਲੋਂ ਦਿੱਤੇ ਗਏ ਪੱਤਰ ਵਿਚ ਉਨ੍ਹਾਂ ਨੇ ਕਿਹਾ ਕਿ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਤੰਬਰ 2015 ਵਿਚ ਮੁਆਫ਼ੀ ਦੇਣ ਨਾਲ ਇਹ ਸਾਰਾ ਮੁੱਦਾ ਜੁੜਿਆ ਹੈ। ਉਸ ਵੇਲੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਸਨ, ਜਿਨ੍ਹਾਂ ਨੇ ਪੰਥਕ ਪ੍ਰੰਪਰਾਵਾਂ ਨੂੰ ਅੱਖੋਂ ਪਰੋਖੇ ਕਰ ਕੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦਿੱਤੀ ਤੇ ਸਿੱਖ ਸੰਗਤ ਦੇ ਵਿਰੋਧ ਪਿੱਛੋਂ ਇਹ ਫੈਸਲਾ ਵਾਪਸ ਲੈਣਾ ਪਿਆ ਸੀ। ਬੋਨੀ ਨੇ ਕਿਹਾ ਕਿ ਇਹ ਫੈਸਲਾ ਹੀ ਸਭ ਘਟਨਾਵਾਂ ਦੀ ਜੜ੍ਹ ਹੈ ਤੇ ਇਹ ਪਤਾ ਲਾਉਣ ਦੀ ਲੋੜ ਹੈ ਕਿ ਮੁਆਫੀ ਦੇਣ ਦੇ ਫੈਸਲੇ ਪਿੱਛੇ ਕਿਹੜੀਆਂ ਤਾਕਤਾਂ ਸਨ। ਉਨ੍ਹਾਂ ਕਿਹਾ ਕਿ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੋਂ ਬਿਨਾ ਬਾਕੀ ਤਖ਼ਤਾਂ ਦੇ ਜਥੇਦਾਰਾਂ ਦਾ ਇਸ ਵਿਚ ਕੀ ਰੋਲ ਸੀ, ਇਸ ਦੀ ਵੀ ਜਾਂਚ ਹੋਣੀ ਚਾਹੀਦੀ ਹੈ। ਬੋਨੀ ਨੇ ਕਿਹਾ ਕਿ ਇਸ ਸਾਰੀ ਪ੍ਰਕਿਰਿਆ ਨੂੰ ਬਹਿਬਲ ਕਲਾਂ ਗੋਲੀ ਕਾਂਡ ਨਾਲ ਜੋੜ ਕੇ ਇਸ ਦੀ ਜਾਂਚ ਹੋਣੀ ਚਾਹੀਦੀ ਹੈ, ਜਿਸ ਤੋਂ ਪਤਾ ਜਾਵੇ ਕਿ ਉਚ ਅਹੁਦਿਆਂ ਉੱਤੇ ਬੈਠੇ ਵਿਅਕਤੀਆਂ ਦੇ ਗੈਰ ਜ਼ਿੰਮੇਵਾਰਾਨਾ ਫੈਸਲਿਆਂ ਨਾਲ ਕਿੰਨਾ ਨੁਕਸਾਨ ਹੋਇਆ ਹੈ ਅਤੇ ਇਹ ਗੱਲ ਵੀ ਸਾਫ ਹੋ ਜਾਵੇ ਕਿ ਦੋਸ਼ੀ ਕੌਣ ਹੈ। ਉਨ੍ਹਾਂ ਜਾਂਚ ਕਮੇਟੀ ਨੂੰ ਅਪੀਲ ਕੀਤੀ ਕਿ ਸਾਬਕਾ ਜਥੇਦਾਰ ਅਤੇ ਇਸ ਕੇਸ ਨਾਲ ਸੰਬੰਧ ਰੱਖਦੇ ਬਾਕੀ ਜਥੇਦਾਰਾਂ, ਜਿਨ੍ਹਾਂ ਨੇ ਮੁਆਫ਼ੀ ਦਿੱਤੀ ਸੀ, ਨੂੰ ਵੀ ਜਾਂਚ ਵਿਚ ਸ਼ਾਮਲ ਕੀਤਾ ਜਾਵੇ।

ਵਰਨਣ ਯੋਗ ਹੈ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਇਸ ਕੇਸ ਵਿਚ ਸਾਬਕਾ ਜਥੇਦਾਰ ਨੂੰ ਜਾਂਚ ਕਮਿਸ਼ਨ ਨੂੰ ਸਹਿਯੋਗ ਦੇਣ ਲਈ ਕਿਹਾ ਸੀ, ਪਰ ਓਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਇਸ ਜਾਂਚ ਕਮਿਸ਼ਨ ਨੂੰ ਰੱਦ ਕਰ ਦਿੱਤਾ ਤੇ ਜਥੇਦਾਰ ਤੋਂ ਸਹਿਯੋਗ ਦੀ ਮੰਗ ਕੀਤੇ ਜਾਣ ਦਾ ਵਿਰੋਧ ਕੀਤਾ ਸੀ। ਮੁਆਫ਼ੀ ਦੇਣ ਵੇਲੇ ਮੀਟਿੰਗ ਵਿਚ ਸ਼ਾਮਲ ਇਕ ਜਥੇਦਾਰ ਇਸ ਸਬੰਧ ਵਿਚ ਪਹਿਲਾਂ ਵੀ ਕਈ ਅਹਿਮ ਖੁਲਾਸੇ ਕਰ ਚੁੱਕਾ ਹੈ।

# ਸਰਪੰਚ ਗੁਰਮੀਤ ਸਿੰਘ ਗਿੱਲ ਦਾ ਅੰਤਿਮ ਸੰਸਕਾਰ 1 ਦਸੰਬਰ ਨੂੰ



ਬਰੈਂਪਟਨ ਪੋਸਟ ਬਿਊਰੋ: ਬੀਤੇ ਦਿਨੀਂ ਅਕਾਲ ਚਲਾਣਾ ਕਰ ਜਾਣ ਵਾਲੇ ਪਿੰਡ ਮਾਂਗਟ ਜ਼ਿਲਾ ਲੁਧਿਆਣਾ ਨਾਲ ਸਬੰਧਿਤ ਬਰੈਂਪਟਨ ਵਾਸੀ ਸਰਪੰਚ ਗੁਰਮੀਤ ਸਿੰਘ ਗਿੱਲ ਦਾ ਅੰਤਮ ਸੰਸਕਾਰ 1 ਦਸੰਬਰ ਦਿਨ ਸ਼ਨਿਚਰਵਾਰ ਨੂੰ ਕੀਤਾ ਜਾਵੇਗਾ। ਪਰਿਵਾਰ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ 23-24 ਸਾਲ ਪਹਿਲਾਂ ਕੈਨੇਡਾ ਆਏ ਗੁਰਮੀਤ ਸਿੰਘ ਗਿੱਲ ਪਿਛਲੇ ਇੱਕ ਡੇਢ ਮਹੀਨੇ ਤੋਂ ਲੰਬੀ ਆਯੂ ਦੀ ਅਵਸਥਾ ਕਾਰਣ ਢਿੱਲੇ ਸਨ ਅਤੇ ਚਾਰ ਕੁ ਦਿਨ ਹਸਪਤਾਲ ਵਿੱਚ ਦਾਖ਼ਲ ਰਹਿਣ ਤੋਂ ਬਾਅਦ ਸਵਰਗ ਸਿਧਾਰ ਗਏ। ਗੁਰਮੀਤ ਸਿੰਘ ਗਿੱਲ ਅੰਤਮ ਸੰਸਕਾਰ ਬਰੈਂਪਟਨ ਵਿੱਚ 30 ਬਰੈਮਵਿਨ ਕੋਰਟ ਉੱਤੇ ਸਥਿਤ ਬਰੈਂਪਟਨ ਕਰੈਮੇਟੋਰੀਅਮ ਅਤੇ ਵਿਜ਼ੀਟੇਸ਼ਨ ਸੈਂਟਰ ਵਿਖੇ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਹੋਵੇਗਾ। ਵਧੇਰੇ ਜਾਣਕਾਰੀ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਅਮਰਜੀਤ ਸਿੰਘ ਗਿੱਲ (ਬੇਟਾ) 647-995-1324 ਜਾਂ ਭਤੀਜੇ ਪਰਮ ਗਿੱਲ 647-270-7276 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਐਤਕੀਂ ਪੰਜਾਬ 'ਚ ਪਰਾਲੀ ਅੱਗੇ ਤੋਂ ਵੀ ਵੱਧ ਸਾੜੀ ਗਈ



ਨਵੀਂ ਦਿੱਲੀ, 27 ਨਵੰਬਰ (ਪੋਸਟ ਬਿਊਰੋ)- ਪਰਾਲੀ ਸਾੜਨ ਉਤੇ ਰੋਕਥਾਮ ਦੇ ਕੇਂਦਰ ਤੇ ਸੂਬਾ ਸਰਕਾਰਾਂ ਦੇ ਵੱਡੇ-ਵੱਡੇ ਦਾਅਵੇ ਠੁੱਸ ਸਾਬਤ ਹੋਏ ਹਨ। ਇਹ ਸਥਿਤੀ ਉਦੋਂ ਹੈ, ਜਦੋਂ ਪਰਾਲੀ ਨਿਪਟਾਰੇ ਦੇ ਨਾਂ ਉਤੇ ਪੰਜਾਬ ਅਤੇ ਹਰਿਆਣਾ 'ਤੇ ਕੇਂਦਰ ਨੇ ਕਰੋੜਾਂ ਰੁਪਏ ਖਰਚ ਵੀ ਕੀਤੇ ਹਨ। ਇਸ ਤਰ੍ਹਾਂ ਇਨ੍ਹਾਂ ਸੂਬਿਆਂ ਨੂੰ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਪੂਰੀ ਤਰ੍ਹਾਂ ਖਤਮ ਕੀਤੇ ਜਾਣਾ ਸੀ, ਪਰ ਹਕੀਕਤ ਇਸ ਤੋਂ ਉਲਟ ਸਾਹਮਣੇ ਆਈ ਹੈ। ਪੰਜਾਬ 'ਚ ਪਿਛਲੇ ਸਾਲ ਦੇ ਮੁਕਾਬਲੇ ਪਰਾਲੀ ਸਾੜਨ ਦੀਆਂ ਘਟਨਾਵਾਂ ਵਧੀਆਂ ਹਨ। ਹਰਿਆਣੇ 'ਚ ਵੀ ਸਥਿਤੀ ਲਗਭਗ ਅਜਿਹੀ ਹੈ। ਇਥੇ ਥੋੜ੍ਹੀ ਕਮੀ ਹੋਈ ਹੈ, ਪਰ ਕਰੋੜਾਂ ਰੁਪਏ ਖਰਚ ਕਰਨ ਤੋਂ ਬਾਅਦ ਵੀ ਬਹੁਤੀ ਸਫਲਤਾ ਨਹੀਂ ਮਿਲੀ। ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਲੈ ਕੇ ਇਹ ਅੰਕੜੇ ਇਸਰੋ ਵੱਲੋਂ ਮੁਹੱਈਆ ਕਰਵਾਏ ਗਏ ਹਨ। ਇਸ ਹੇਠ ਇਸ ਸਾਲ ਇੱਕ ਸਤੰਬਰ ਤੋਂ 14 ਨਵੰਬਰ ਤੱਕ ਇਕੱਲੇ ਪੰਜਾਬ ਵਿੱਚ ਪਰਾਲੀ ਸਾੜਨ ਦੀਆਂ ਕੁੱਲ 48,980 ਘਟਨਾਵਾਂ ਹੋਈਆਂ ਹਨ, ਪਿਛਲੇ ਸਾਲ ਇਸੇ ਸਮੇਂ ਦੌਰਾਨ ਇਸਰੋ ਨੇ ਪਰਾਲੀ ਸਾੜਨ ਦੀਆਂ ਕੁੱਲ 46,836 ਘਟਨਾਵਾਂ ਵੇਖੀਆਂ ਸਨ। ਇਨ੍ਹਾਂ ਅੰਕੜਿਆਂ ਤੋਂ ਪਿਛਲੇ ਸਾਲ ਦੇ ਮੁਕਾਬਲੇ ਪਰਾਲੀ ਸਾੜਨ ਦੀਆਂ ਘਟਨਾਵਾਂ 'ਚ ਵਾਧਾ ਸਾਫ ਦਿੱਸਦਾ ਹੈ। ਦੂਜੇ ਪਾਸੇ ਹਰਿਆਣਾ 'ਚ ਇਸ ਸਾਲ ਪਹਿਲੀ ਸਤੰਬਰ ਤੋਂ 14 ਨਵੰਬਰ ਦੌਰਾਨ ਕਰੀਬ 8800 ਘਟਨਾਵਾਂ ਦਰਜ ਹੋਈਆਂ, ਹਾਲਾਂਕਿ ਇਸ ਦੌਰਾਨ ਪਰਾਲੀ ਸਾੜਨ ਦੀਆਂ ਘਟਨਾਵਾਂ 'ਤੇ ਨਜ਼ਰ ਰੱਖਣ ਵਾਲੇ ਖੇਤੀਬਾੜੀ ਮੰਤਰਾਲੇ ਦੀ ਏਜੰਸੀ ਨੇ ਕੁਝ ਵੱਖਰੇ ਅੰਕੜੇ ਪੇਸ਼ ਕੀਤੇ ਹਨ। ਇਸਰੋ ਤੇ ਖੇਤੀ ਮੰਤਰਾਲੇ ਦੇ ਅੰਕੜਿਆਂ 'ਚ ਫਰਕ ਦੇ ਪਿੱਛੇ ਵਾਤਾਵਰਨ ਮੰਤਰਾਲੇ ਦੀ ਦਲੀਲ ਹੈ ਕਿ ਇਸਰੋ ਉਪਰੋਂ ਦਿਸਣ ਵਾਲੀਆਂ ਅੱਗ ਦੀਆਂ ਘਟਨਾਵਾਂ ਦੇ ਆਧਾਰ 'ਤੇ ਅੰਕੜੇ ਜੁਟਾਉਂਦਾ ਹੈ।

# ਭਾਰਤ ਦੀ ਸਰਬ ਉੱਚ ਕ੍ਰਿਕਟ ਖਿਡਾਰਨ ਨੇ ਕੋਚ ਉੱਤੇ ਅਪਮਾਨਿਤ ਕਰਨ ਦਾ ਦੋਸ਼ ਲਾਇਆ

*** ਕੁਝ ਲੋਕ ਮੈਨੂੰ ਬਰਬਾਦ ਕਰਨਾ ਚਾਹੁੰਦੇ ਨੇ : ਮਿਤਾਲੀ**

ਨਵੀਂ ਦਿੱਲੀ, 27 ਨਵੰਬਰ, (ਪੋਸਟ ਬਿਊਰੋ)- ਭਾਰਤ ਦੀ ਮਹਿਲਾ ਕ੍ਰਿਕਟ ਟੀਮ ਵਿਚ ਸ਼ੁਰੂ ਹੋਇਆ ਵਿਵਾਦ ਅੱਜ ਓਦੋਂ ਹੋਰ ਵੀ ਅੱਗੇ ਚਲਾ ਗਿਆ, ਜਦੋਂ ਇਸ ਟੀਮ ਦੀ ਸਾਬਕਾ ਕਪਤਾਨ ਮਿਤਾਲੀ ਰਾਜ ਦਾ ਕ੍ਰਿਕਟ ਬੋਰਡ (ਬੀ ਸੀ ਸੀ ਆਈ) ਨੂੰ ਲਿਖਿਆ ਪੱਤਰ ਲੋਕਾਂ ਸਾਹਮਣੇ ਆਇਆ। ਇਸ ਵਿਚ ਮਿਤਾਲੀ ਰਾਜ ਨੇ ਕ੍ਰਿਕਟ ਕੋਚ ਰਮੇਸ਼ ਪੋਵਾਰ ਉਤੇ ਉਨ੍ਹਾਂ ਨੂੰ ਅਪਮਾਨਿਤ ਕਰਨ ਦਾ ਦੋਸ਼ ਲਾਉਣ ਦੇ ਨਾਲ ਅਨੁਸ਼ਾਸਨ ਕਮੇਟੀ (ਸੀ ਓ ਏ) ਦੀ ਮੈਂਬਰ ਡਾਇਨਾ ਏਡੁਲਜੀ ਨੂੰ ਪੱਖਪਾਤੀ ਕਰਾਰ ਦਿਤਾ ਹੈ। ਇਹ ਮਹਿਲਾ ਕ੍ਰਿਕਟ ਦਾ ਅੱਜ ਤੱਕ ਦਾ ਭਾਰਤ ਦਾ ਸਭ ਤੋਂ ਵੱਡਾ ਵਿਵਾਦ ਹੈ।

ਵਰਨਣ ਯੋਗ ਹੈ ਕਿ ਮਿਤਾਲੀ ਰਾਜ ਭਾਰਤ ਦੀ ਮਹਿਲਾ ਟੀਮ ਦੀ ਸਭ ਤੋਂ ਸਫਲ ਬੱਲੇਬਾਜ਼ ਹਨ। ਉਨ੍ਹਾਂ ਨੂੰ ਪਿੱਛੇ ਜਿਹੇ ਖ਼ਤਮ ਹੋਏ ਟੀ-20 ਵਰਲਡ ਕੱਪ ਵਿਚ ਇੰਗਲੈਂਡ ਦੇ ਖਿਲਾਫ਼ ਸੈਮੀਫਾਈਨਲ ਵਿਚ ਖੇਡਣ ਨਹੀਂ ਦਿਤਾ ਗਿਆ ਸੀ, ਜਦੋਂ ਕਿ ਉਨ੍ਹਾਂ ਨੇ ਇਸ ਟੂਰਨਾਮੈਂਟ ਦੇ ਪਹਿਲੇ ਮੈਚਾਂ ਵਿਚ ਦੋ ਅਰਧ ਸੈਂਕੜੇ ਲਾਏ ਸਨ। ਭਾਰਤ ਇਹ ਮੈਚ 8 ਵਿਕੇਟ ਦੇ ਫਰਕ ਨਾਲ ਹਾਰ ਗਿਆ ਸੀ। ਉਦੋਂ ਤੋਂ ਭਾਰਤੀ ਮਹਿਲਾ ਕ੍ਰਿਕਟ ਟੀਮ ਵਿਚ ਵਿਵਾਦ ਹੈ। ਮਿਤਾਲੀ ਰਾਜ ਦਾ ਕਹਿਣਾ ਹੈ ਕਿ ਉੱਚੇ ਅਹੁਦਿਆਂ ਉੱਤੇ ਬੈਠੇ ਕੁਝ ਲੋਕ ਉਸ ਦਾ ਕਰੀਅਰ ਤਬਾਹ ਕਰਨਾ ਚਾਹੁੰਦੇ ਹਨ। ਉਸ ਨੇ ਕਿਹਾ ਕਿ ਇਹ ਲੋਕ ਮੇਰੇ ਖਿਲਾਫ਼ ਆਪਣੇ ਅਹੁਦੇ ਦੀ ਗਲਤ ਵਰਤੋਂ ਕਰ ਰਹੇ ਹਨ। ਮਿਤਾਲੀ ਨੇ ਇਸ ਬਾਰੇ ਕ੍ਰਿਕਟ ਬੋਰਡ ਦੇ ਸੀ ਈ ਓ ਰਾਹੁਲ ਜੌਹਰੀ ਤੇ ਜਨਰਲ ਮੈਨੇਜਰ (ਕ੍ਰਿਕੇਟ ਆਪਰੇਸ਼ਨਜ਼) ਸਬਾ ਕਰੀਮ ਨੂੰ ਪੱਤਰ ਲਿਖ ਕੇ ਕਿਹਾ ਹੈ, '20 ਸਾਲਾਂ ਦੇ ਕਰੀਅਰ ਵਿਚ ਮੈਂ ਪਹਿਲੀ ਵਾਰ ਅਪਣੇ ਆਪ ਨੂੰ ਅਪਮਾਨਿਤ ਤੇ ਨਿਰਾਸ਼ ਮਹਿਸੂਸ ਕਰ ਰਹੀ ਹਾਂ। ਮੈਂ ਇਹ ਸੋਚਣ ਨੂੰ ਮਜਬੂਰ ਹਾਂ ਕਿ ਜੋ ਲੋਕ ਮੇਰਾ ਕਰੀਅਰ ਤਬਾਹ ਕਰਨਾ ਤੇ ਮੇਰਾ ਆਤਮ ਵਿਸ਼ਵਾਸ ਤੋੜਨਾ ਚਾਹੁੰਦੇ ਹਨ, ਉਨ੍ਹਾਂ ਦੇ ਲਈ ਮੇਰੀਆਂ ਦੇਸ਼ ਨੂੰ ਦਿਤੀਆਂ ਸੇਵਾਵਾਂ ਦੀ ਕੋਈ ਕਦਰ ਨਹੀਂ ਹੈ।' ਮਿਤਾਲੀ ਨੇ ਇਸ ਪੱਤਰ ਵਿਚ ਅਜਿਹੀਆਂ ਕਈ ਘਟਨਾਵਾਂ ਦਾ ਜ਼ਿਕਰ ਕੀਤਾ, ਜਿਨ੍ਹਾਂ ਵਿਚ ਕੋਚ ਪੋਵਾਰ ਦੇ ਕਾਰਨ ਉਨ੍ਹਾਂ ਨੇ ਖੁਦ ਨੂੰ ਅਪਮਾਨਿਤ ਮਹਿਸੂਸ ਕੀਤਾ। ਉਸ ਨੇ ਲਿਖਿਆ, ਮਿਸਾਲ ਵਜੋਂ ਮੈਂ ਜਿਥੇ ਬੈਠਦੀ ਸੀ, ਉਹ ਉੱਠ ਕੇ ਚਲੇ ਜਾਂਦੇ ਸਨ, ਨੈਟਸ ਉਤੇ ਦੂਜੀ ਬੱਲੇਬਾਜ਼ ਜਦੋਂ ਪ੍ਰੈਕਟਿਸ ਕਰਦੀ ਤਾਂ ਮੌਜੂਦ ਰਹਿੰਦੇ, ਪਰ ਜਦੋਂ ਮੈਂ ਬੱਲੇਬਾਜ਼ੀ ਲਈ ਜਾਂਦੀ ਤਾਂ ਉਹ ਤੁਰ ਜਾਂਦੇ ਸਨ। ਜੇ ਮੈਂ ਉਨ੍ਹਾਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਦੀ ਤਾਂ ਉਹ ਅਪਣੇ ਫ਼ੋਨ ਵਿਚ ਕੁਝ ਦੇਖਦੇ ਹੋਏ ਨਿਕਲ ਜਾਂਦੇ। ਇਹ ਕਿਸੇ ਲਈ ਵੀ ਸ਼ਰਮਨਾਕ ਸੀ ਤੇ ਇਹ ਬਿਲਕੁੱਲ ਸਾਫ ਸੀ ਕਿ ਮੈਨੂੰ ਅਪਮਾਨਿਤ ਕੀਤਾ ਜਾ ਰਿਹਾ ਸੀ।'

# ਹੈਲੀਕਾਪਟਰ ਘੁਟਾਲਾ: ਹਾਈ ਕੋਰਟ ਨੇ ਕੇਂਦਰ ਸਰਕਾਰ ਅਤੇ ਇਨਫੋਰਸਮੈਂਟ ਤੋਂ ਜਵਾਬ ਮੰਗ ਲਿਆ

*** ਕੰਪਨੀ ਦੀ ਮਹਿਲਾ ਡਾਇਰੈਕਟਰ ਹਾਈ ਕੋਰਟ ਜਾ ਪਹੁੰਚੀ**

ਨਵੀਂ ਦਿੱਲੀ, 27 ਨਵੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ 3,600 ਕਰੋੜ ਰੁਪਏ ਦੀ ਕੀਮਤ ਵਾਲੇ ਵੀ ਵੀ ਆਈ ਪੀ ਹੈਲੀਕਾਪਟਰ ਦੀ ਖਰੀਦ ਦੇ ਘੁਟਾਲੇ ਨਾਲ ਜੁੜੇ ਕੇਸ ਵਿੱਚ ਦੋਸ਼ੀ ਦੁਬਈ ਵਿਚਲੀਆਂ ਦੋ ਕੰਪਨੀਆਂ ਦੀ ਮਹਿਲਾ ਡਾਇਰੈਕਟਰ ਸ਼ਿਵਾਨੀ ਰਾਜੀਵ ਸਕਸੈਨਾ ਨੇ ਦਿੱਲੀ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਕੇ ਆਪਣੇ ਖ਼ਿਲਾਫ਼ ਦਰਜ ਹੋਏ ਮਨੀ ਲਾਂਡਰਿੰਗ ਕੇਸ ਅਤੇ ਇਸ ਕੇਸ ਦੀ ਦੂਸਰੀ ਸਪਲੀਮੈਂਟਰੀ ਚਾਰਜਸ਼ੀਟ ਰੱਦ ਕਰਨ ਦੀ ਮੰਗ ਕੀਤੀ ਹੈ। ਇਸ ਦੀ ਸੁਣਵਾਈ ਕਰਦੇ ਹੋਏ ਹਾਈ ਕੋਰਟ ਨੇ ਕੇਂਦਰ ਸਰਕਾਰ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗ ਲਿਆ ਹੈ। ਕੇਸ ਦੀ ਅਗਲੀ ਸੁਣਵਾਈ 14 ਦਸੰਬਰ ਨੂੰ ਹੋਵੇਗੀ।

ਸ਼ਿਵਾਨੀ ਰਾਜੀਵ ਸਕਸੈਨਾ ਨੇ ਆਪਣੀ ਇਸ ਪਟੀਸ਼ਨ ਵਿੱਚ ਮਨੀ ਲਾਂਡਰਿੰਗ ਦੇ ਦੋਸ਼ ਵਿੱਚ ਦਰਜ ਹੋਏ ਕੇਸ ਨੂੰ ਨਾਨ-ਸੀਰੀਅਸ ਐਲਾਨਣ ਦੀ ਮੰਗ ਕੀਤੀ ਹੈ। ਉਨ੍ਹਾਂ ਦੀ ਦਲੀਲ ਹੈ ਕਿ ਇਹ ਗੰਭੀਰ ਅਪਰਾਧ ਨਹੀਂ, ਜਿਸ ਵਿਚ ਪੁਲਿਸ ਬਿਨਾਂ ਕਿਸੇ ਵਾਰੰਟ ਦੇ ਕਿਸੇ ਨੂੰ ਗ੍ਰਿਫ਼ਤਾਰ ਕਰ ਸਕੇ। ਸ਼ਿਵਾਨੀ ਨੂੰ ਈ ਡੀ ਨੇ 16 ਜੁਲਾਈ 2017 ਨੂੰ ਗ੍ਰਿਫ਼ਤਾਰ ਕੀਤਾ ਸੀ ਤੇ 15 ਦਸੰਬਰ 2017 ਨੂੰ ਉਨ੍ਹਾਂ ਨੂੰ ਜ਼ਮਾਨਤ ਮਿਲ ਗਈ ਸੀ। ਇਸ ਕੇਸ ਵਿਚ ਦੋਸ਼ੀ ਨੂੰ ਪਾਸਪੋਰਟ ਜਮ੍ਹਾਂ ਕਰਾਉਣ ਦੇ ਨਾਲ ਜਾਂਚ ਅਧਿਕਾਰੀ ਨੂੰ ਮੋਬਾਈਲ ਨੰਬਰ ਅਤੇ ਪਤਾ ਦੇਣ ਨੂੰ ਕਿਹਾ ਗਿਆ ਸੀ। ਹਾਈ ਕੋਰਟ ਨੇ ਸਤੰਬਰ ਮਹੀਨੇ 'ਚ ਇਸ ਤੋਂ ਪਹਿਲਾਂ ਇਕ ਵਾਰੀ ਉਨ੍ਹਾਂ ਦੀ ਜ਼ਮਾਨਤ ਪਟੀਸ਼ਨ ਰੱਦ ਵੀ ਕਰ ਦਿੱਤੀ ਸੀ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Inderjit Singh
Daljit Singh
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton. Tel: 905-460-1414
HEAD OFFICE: 905-874-9878
Tol Free: 1-877-799-9878, www.skydomeauto.ca

Paramjit Deol CELL: 416-993-7378
Broker 7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

BRAMPTON $89,000 — Photo Not Available — Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।
HAMILTON $25/Sq Ft. — 135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।
BRAMPTON $2,500 — 85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।
BRAMPTON $54,900 — 255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।
BRAMPTON $249,000 — Photo Not Available — 10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੌਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।
PICKERING $59,000 — 1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ । ਹਾਈ ਟਰੇਫਿਕ ਫਲੌਂ, ਅੱਜ ਹੀ ਕਾਲ ਕਰੋ।
BRAMPTON $541,800 — Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਊਸ, ਕੁਆਰਟਜ਼ ਕਾਊਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।
AJAX $169,900 — Photo Not Available — 44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।
KITCHENER $369,999 — Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਉਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।
TORONTO $508,775 — Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।
BRAMPTON $629,000 — 60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।
TORONTO $825,000 — Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।
BRAMPTON $179,000 — Photo Not Available — 384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੌਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।
TORONTO $944,000 — Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!
BRAMPTON $849,000 — Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੌਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।
CALEDON $1,009,999 — Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੌਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਤਰਕਸ਼ੀਲ ਸੁਸਾਇਟੀ ਦਾ ਐਜੂਕੇਟਿਵ ਅਤੇ ਅਵੇਅਰਨੈੱਸ ਸੈਮੀਨਾਰ ਸੰਪਨ





(ਹਰਜੀਤ ਬੇਦੀ): ਆਪਣੇ ਮੈਂਬਰਾਂ ਨੂੰ ਵੱਖ ਵੱਖ ਵਿਸ਼ਿਆਂ ਬਾਰੇ ਜਾਗਰੂਕ ਕਰਨ ਦੀ ਨੀਤੀ ਤਹਿਤ ਨੌਰਥ ਅਮੈਰਿਕਨ ਤਰਕਸ਼ੀਲ ਸੁਸਾਇਟੀ ਆਫ ਓਨਟਾਰੀਓ ਦਾ ਐਜੂਕੇਟਿਵ ਅਤੇ ਅਵੇਅਰਨੈੱਸ ਸੈਮੀਨਾਰ 25 ਨਵੰਬਰ ਨੂੰ ਮਰੋਕ ਲਾਅ ਆਫਿਸ ਬਰੈਂਪਟਨ ਵਿਖੇ ਪੂਰੀ ਸਫਲਤਾ ਨਾਲ ਨੇਪਰੇ ਚੜ੍ਹਿਆ। ਇਸ ਵਿੱਚ ਤਰਕਸ਼ੀਲ ਸੁਸਾਇਟੀ ਦੇ ਮੈਂਬਰਾਂ ਤੋਂ ਬਿਨਾਂ ਹੋਰ ਬਹੁਤ ਸਾਰੀਆਂ ਲੋਕ ਪੱਖੀ ਸੰਸਥਾਵਾਂ ਦੇ ਨੁਮਾਇੰਦੇ ਹਾਜ਼ਰ ਹੋਏ।

ਇਸ ਸੈਮੀਨਾਰ ਵਿੱਚ ਤਰਕਸ਼ੀਲ ਲਹਿਰ ਦੇ ਕੌਮਾਂਤਰੀ ਆਗੂ ਬਲਵਿੰਦਰ ਬਰਨਾਲਾ ਨੇ ਤਰਕਸ਼ੀਲਤਾ ਅਤੇ ਧਰਮ ਵਿਸ਼ੇ ਤੇ ਆਪਣਾ ਪੇਪਰ ਪੜ੍ਹਿਆ। ਇਸ ਵਿੱਚ ਉਹਨਾਂ ਨੇ ਤਰਕਸੀਲਤਾ ਅਤੇ ਧਰਮ ਦੀ ਮਨੁੱਖੀ ਜੀਵਨ ਵਿੱਚ ਸਾਰਥਕਤਾ ਬਾਰੇ ਵਿਚਾਰ ਪੇਸ਼ ਕੀਤੇ। ਇਸੇ ਤਰ੍ਹਾ ਡਾ: ਬਲਜਿੰਦਰ ਸੇਖੋਂ ਨੇ ਸਮਾਜਵਾਦ ਦਾ ਸੰਕਟ ਬਾਰੇ ਆਪਣਾ ਪੇਪਰ ਸਰੋਤਿਆਂ ਦੇ ਰੂਬਰੂ ਪੇਸ਼ ਕੀਤਾ । ਇਸ ਉਪਰੰਤ ਇਹਨਾਂ ਵਿਸ਼ਿਆਂ ਤੇ ਸਰੋਤਿਆਂ ਵਲੋਂ ਸਵਾਲ ਅਤੇ ਉਪਰੋਕਤ ਬੁਲਾਰਿਆਂ ਵਲੋਂ ਉਹਨਾਂ ਦੇ ਜਵਾਬਾਂ ਦਾ ਸਿਲਸਿਲਾ ਚੱਲਿਆ। ਇਸ ਸਾਰੀ ਬਹਿਸ ਵਿੱਚ ਇਹ ਗੱਲ ਉੱਭਰ ਕੇ ਸਾਹਮਣੇ ਆਈ ਕਿ ਧਰਮ ਮਨੁੱਖ ਦੇ ਪਰਿਵਾਰਕ, ਸਮਾਜਿਕ, ਰਾਜਨੀਤਕ ਅਤੇ ਆਰਥਿਕ ਸਮੱਸਿਆਵਾਂ ਦਾ ਹੱਲ ਨਹੀਂ ਕਰ ਸਕਦਾ। ਧਾਰਮਿਕ ਆਦਰਸ਼ਵਾਦ ਇਹਨਾਂ ਮਸਲਿਆਂ ਦਾ ਕਤਈ ਹੱਲ ਨਹੀਂ ਹੋ ਸਕਦਾ। ਜੇ ਧਰਮ ਮਨੁੱਖੀ ਬਰਾਬਰੀ ਦਾ ਆਲੰਬਰਦਾਰ ਹੁੰਦਾ ਤਾਂ ਧਾਰਮਿਕ ਸਥਾਨਾ ਤੇ ਦਾਖਲੇ ਸਬੰਧੀ ਰੌਲਾ ਨਾ ਪੈਂਦਾ ਅਤੇ ਨਾਂ ਹੀ ਇੱਕੋ ਧਰਮ ਨੂੰ ਮੰਨਣ ਵਾਲੇ ਜਾਤਾਂ ਅਤੇ ਫਿਰਕਿਆਂ ਦੇ ਨਾਂ ਤੇ ਵੱਖਰੇ ਵੱਖਰੇ ਧਰਮ ਸਥਾਨ ਉਸਾਰਦੇ। ਮਨੁੱਖੀ ਜੀਵਨ ਨਾਲ ਸਬੰਧਤ ਇਹ ਮਸਲੇ ਸਿਰਫ ਤਰਕਸ਼ੀਲ ਸੋਚ ਅਪਣਾ ਕੇ ਹੀ ਹੱਲ ਹੋ ਸਕਦੇ ਹਨ। ਇਸੇ ਤਰ੍ਹਾਂ ਸਮਾਜਵਾਦ ਦੇ ਸੰਕਟ ਬਾਰੇ ਵਿਚਾਰ ਵਟਾਂਦਰੇ ਵਿੱਚ ਇਹ ਗੱਲ ਸਾਹਮਣੇ ਆਈ ਕਿ ਰੂਸ ਵਿੱਚ ਸਟਾਲਿਨ ਤੱਕ ਅਤੇ ਚੀਨ ਵਿੱਚ ਵੀ ਸਮਾਜਵਾਦ ਕਾਫੀ ਸਮਾਂ ਕਾਮਯਾਬੀ ਨਾਲ ਸਫਲ ਰਿਹਾ ਪਰ ਉਲਟ ਇਨਕਲਾਬ ਆਉਣ ਕਰ ਕੇ ਇਹ ਸੰਕਟ ਵਿੱਚ ਆ ਗਿਆ। ਬਹਿਸ ਦੌਰਾਨ ਆਮ ਵਿਚਾਰ ਇਹ ਸੀ ਕਿ ਵਧੀਆ ਸਮਾਜ ਦੀ ਹੋਂਦ ਸਮਾਜਵਾਦੀ ਢਾਂਚੇ ਵਿੱਚ ਹੀ ਸੰਭਵ ਹੈ। ਸਰਮਾਏਦਾਰੀ ਦੇ ਕਿਲੇ ਢਹਿ ਢੇਰੀ ਹੋ ਰਹੇ ਹਨ ਤੇ ਉਹਨਾਂ ਨੇ ਆਪਣੀ ਹੋਂਦ ਕਾਇਮ ਰੱਖਣ ਲਈ ਸਾਰੇ ਸੰਸਾਰ ਦੇ ਆਮ ਲੋਕਾਂ ਨੂੰ ਬਲਦੀ ਦੇ ਬੂਥੇ ਪਾਇਆ ਹੋਇਆ ਹੈ ਤੇ ਹਥਿਆਰਾਂ ਦੀ ਅੰਨ੍ਹੀ ਦੌੜ ਕਾਰਣ ਆਮ ਲੋਕਾਂ ਦੀ ਲੋੜਾ ਦੀ ਪੂਰਤੀ ਪਿੱਛੇ ਧੱਕ ਦਿੱਤੀ ਗਈ ਹੈ। ਸਮਾਜਵਾਦ ਹੀ ਮਨੁੱਖਤਾ ਨੂੰ ਸਹੀ ਢਾਂਚਾ ਦੇਣ ਦਾ ਰਾਹ ਹੈ।

ਇਸ ਤੋਂ ਬਿਨਾਂ ਤਰਕਸੀਲ ਸੁਸਾਇਟੀ ਦੇ ਅਗਲੇ ਸਾਲਾਂ ਦੇ ਪਰੋਗਰਾਮਾਂ ਦੀ ਰੂਪ-ਰੇਖਾ ਬਾਰੇ ਗੱਲਬਾਤ ਕੀਤੀ ਗਈ। ਅਗਲੇ ਸਾਲ 14 ਅਪਰੈਲ 2019 ਨੂੰ ਜਲ੍ਹਿਆਂਵਾਲਾ ਬਾਗ ਦੁਖਾਂਤ ਦੀ ਸਤਾਬਦੀ ਨੂੰ ਸਮਰਪਿਤ ਪਰੋਗਰਾਮ ਕਰਨ ਦਾ ਫੈਸਲਾ ਕੀਤਾ ਗਿਆ। ਮੀਡੀਆ ਰਾਹੀਂ ਅੰਧ-ਵਿਸ਼ਵਾਸ਼ ਫੈਲਾਉਣ ਵਿਰੁੱਧ ਫੈਡਰਲ ਅਤੇ ਪਰੋਵਿੰਸਲ ਪੱਧਰ ਤੇ ਕਾਨੂੰਨ ਬਣਾਉਣ ਲਈ ਸੁਸਾਇਟੀ ਵਲੋਂ ਲੋਕਾਂ ਦੇ ਸਹਿਯੋਗ ਨਾਲ ਕੋਸ਼ਿਸ਼ ਕੀਤੀ ਜਾਵੇਗੀ। ਸੁਸਾਇਟੀ ਵਲੋਂ ਲੋਕਾਂ ਨੂੰ ਤਰਕਸ਼ੀਲ ਵਿਚਾਰਧਾਰਾ ਅਪਣਾਉਣ ਅਤੇ ਸੁਸਾਇਟੀ ਨਾਲ ਜੁੜਨ ਦਾ ਸੱਦਾ ਦਿੱਤਾ ਗਿਆ।

ਪਰੋਗਰਾਮ ਵਿੱਚ ਇੰਡੋ ਕਨੇਡੀਅਨ ਵਰਕਰਜ ਐਸੋ: ਸਰੋਕਾਰਾਂ ਦੀ ਆਵਾਜ, ਕਨੇਡੀਅਨ ਪੰਜਾਬੀ ਸਾਹਿਤ ਸਭਾ, ਸੀਨੀਅਰਜ਼ ਐਸੋ:, ਪ੍ਰੰਜਾਬ ਪੈਨਸ਼ਨਰਜ਼ ਐਸੋ:, ਚੇਤਨਾ ਕਲਚਰਲ ਮੰਚ ਅਤੇ ਹੋਰ ਅਗਾਂਹ-ਵਧੂ ਜਥੇਬੰਦੀਆਂ ਦੇ ਨੁਮਾਇੰਦੇ, ਲਹਿੰਦੇ ਪੰਜਾਬ ਦੀ ਲੋਕਪੱਖੀ ਔਰਤ ਕਾਰਕੁਨ, ਵੈਨਕੂਵਰ ਤੋਂ ਆਏ ਸੁਰਿੰਦਰਜੀਤ ਤੇ ਪਰਵਾਰ ਅਤੇ ਸਮੂਹ ਮੈਂਬਰਾਂ ਦਾ ਇਸ ਸੈਮੀਨਾਰ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ ਗਿਆ। ਕਿਸੇ ਵੀ ਤਰ੍ਹਾਂ ਦੀ ਮਾਨਸਿਕ ਉਲਝਣ ਤੋਂ ਬਚਣ, ਵਹਿਮਾਂ ਭਰਮਾਂ ਤੋਂ ਛੁਟਕਾਰਾ ਪ੍ਰਾਪਤ ਕਰਨ, ਤਰਕਸ਼ੀਲ ਸਾਹਿਤ ਪ੍ਰਾਪਤ ਕਰਨ ਜਾਂ ਸੁਸਾਇਟੀ ਸਬੰਧੀ ਕਿਸੇ ਵੀ ਜਾਣਕਾਰੀ ਲਈ ਬਲਦੇਵ ਰਹਿਪਾ 416-881-7202, ਨਿਰਮਲ ਸੰਧੂ 416-835-3450, ਡਾ: ਬਲਜਿੰਦਰ ਸੇਖੋਂ ਨਾਲ 905-781-1197 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗਿਆਨੀ ਜਗਤਾਰ ਸਿੰਘ ਜੀ 'ਕੀਰਤਪੁਰੀ' ਕੈਨੇਡਾ ਪਹੁੰਚੇ



ਬਰੈਂਪਟਨ, (ਡਾ.ਝੰਡ) -ਪ੍ਰਾਪਤ ਸੂਚਨਾ ਅਨੁਸਾਰ ਸਿੱਖ ਪੰਥ ਦੇ ਚੌਥੇ ਮਹਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਹੈੱਡ-ਗ੍ਰੰਥੀ ਗਿਆਨੀ ਜਗਤਾਰ ਸਿੰਘ ਜੀ 'ਕੀਰਤਪੁਰੀ' ਪਿਛਲੇ ਸਾਲਾਂ ਦੀ ਤਰ੍ਹਾਂ ਸਿੱਖ ਸੰਗਤਾਂ ਦੇ ਸੱਦੇ 'ਤੇ ਗੁਰ-ਮਤਿ ਪ੍ਰਚਾਰ ਲਈ ਕੈਨੇਡਾ ਪਹੁੰਚ ਚੁੱਕੇ ਹਨ। ਗਿਆਨੀ ਜੀ ਨੇ ਇਸ ਵਾਰ ਗੁਰਮਤਿ ਪ੍ਰਚਾਰ ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਤੋਂ ਸ਼ੁਰੂ ਕਰਦਿਆਂ ਗੁਰਬਾਣੀ ਕਥਾ-ਵਿਚਾਰ ਦੀ ਸੇਵਾ ਆਰੰਭ ਦਿੱਤੀ ਹੈ।

ਜਗਤ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ 'ਤੇ ਸਪੈਸ਼ਨ ਸਮਾਗਮਾਂ ਵਿਚ ਉਨ੍ਹਾਂ ਨੇ ਸੰਗਤਾਂ ਨੂੰ ਗੁਰੂ ਜੀ ਦੇ ਪਰਉਪਕਾਰੀ ਜੀਵਨ ਅਤੇ ਸਿੱਖਿਆਵਾਂ ਤੋਂ ਜਾਣੂੰ ਕਰਵਾਇਆ। ਸਵੇਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀਵਾਰ ਕਥਾ ਤੋਂ ਇਲਾਵਾ ਸ਼ਾਮ ਦੇ ਦੀਵਾਨਾਂ ਵਿਚ ਵਿਸ਼ੇਸ਼ ਤੌਰ 'ਤੇ 'ਸਿੱਧ ਗੋਸਟਿ' ਦੀ ਬਾਣੀ ਦੀ ਕਥਾ ਆਰੰਭ ਕਰਕੇ ਅੱਜਕੱਲ੍ਹ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ। ਇਸ ਵਾਰ ਗਿਆਨੀ ਦਸੰਬਰ ਤੱਕ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ ਕਥਾ ਕਰਨ ਉਪਰੰਤ ਜਨਵਰੀ ਮਹੀਨੇ ਵਿਚ ਗੁਰੂ ਨਾਨਕ ਮਿਸ਼ਨ ਸੈਂਟਰ ਗੁਰਦੁਆਰਾ ਸਾਹਿਬ ਵਿਖੇ ਇਹ ਸੇਵਾ ਨਿਭਾਉਣਗੇ ਅਤੇ ਉਸ ਤੋਂ ਪਿੱਛੋਂ ਸਰੀ ਬੀ.ਸੀ. ਦੇ ਗੁਰ-ਦੁਆਰਾ ਦਸ਼ਮੇਸ਼ ਦਰਬਾਰ ਸਾਹਿਬ ਅਤੇ ਕੈਲੇਗਰੀ ਦੇ ਗੁਰਦੁਆਰਾ ਦਸ਼ਮੇਸ਼ ਕਲਚਰਲ ਸੈਂਟਰ ਕੈਲੇਗਰੀ ਵਿਖੇ ਵੀ ਸੰਗਤਾਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਤੋਂ ਜਾਣੂੰ ਕਰਵਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੋੜਨਗੇ।

ਗਿਆਨੀ ਜੀ ਨੂੰ ਉਨ੍ਹਾਂ ਦੇ ਫ਼ੋਨ 1-204-396-6464 ਜਾਂ ਉਨ੍ਹਾਂ ਦੇ ਵੱਟਸੈਪ ਨੰਬਰ 91-98725-73978 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਲੋਕਾਂ ਨੂੰ ਬਚਾਉਂਣ ਦੀ ਕੋਸ਼ਿਸ਼ ਕਰਦੇ 31 ਸਾਲਾ ਭਾਰਤੀ ਪਾਇਲਟ ਭਵੈ ਸੁਨੇਜਾ ਦੇ ਮਿਲੇ ਸਰੀਰਕ ਅੰਗਾਂ ਦਾ ਅੰਤਿਮ ਸੰਸਕਾਰ

## ਗੁਰਦੁਆਰਾ ਸਾਹਿਬ ਪਾਸਰ ਬਾਰੂ ਜਕਾਰਤਾ ਤੋਂ ਪਹੁੰਚੇ ਗ੍ਰੰਥੀ ਸਿੰਘ ਭਾਈ ਜਗਮੀਤ ਸਿੰਘ ਨੇ ਕੀਤੀ ਅੰਤਿਮ ਅਰਦਾਸ



ਔਕਲੈਂਡ, 27 ਨਵੰਬਰ (ਹਰਜਿੰਦਰ ਸਿੰਘ ਬਸਿਆਲਾ)-ਬੀਤੇ ਮਹੀਨੇ 29 ਅਕਤੂਬਰ ਨੂੰ ਇੰਡੋਨੇਸ਼ੀਆ ਵਿਖੇ 'ਲਾਇਨ ਏਅਰ' ਕੰਪਨੀ ਦਾ ਇਕ ਜਹਾਜ਼ ਜੋ ਕਿ ਸੋਇਕਾਰਨੋ-ਹਾਟਾ ਇੰਟਰਨੈਸ਼ਨਲ ਏਅਰਪੋਰਟ ਜਕਾਰਤਾ ਤੋਂ ਦੀਪਾਤੀ ਆਮਿਰ ਏਅਰਪੋਰਟ ਪੰਗਲਕਾਲ ਪਿਨਾਗ ਵਾਸਤੇ ਘਰੇਲੂ ਉਡਾਣ ਭਰਨ ਦੇ 13 ਮਿੰਟ ਬਾਅਦ ਹੀ ਦੁਰਘਟਨਾ ਗ੍ਰਸਤ ਹੋ ਗਿਆ ਸੀ। ਇਸ ਵਿਚ ਸਵਾਰ 189 ਲੋਕ ਮਾਰੇ ਗਏ ਸਨ ਬਹੁਤਿਆਂ (125) ਦੀ ਪਹਿਚਾਣ ਡੀ.ਐਨ.ਏ. ਰਾਹੀਂ ਕਰ ਲਈ ਗਈ ਹੈ ਤੇ ਹੁਣ ਅੱਗੇ ਬੰਦ ਕਰ ਦਿੱਤ ਗਈ ਹੈ। ਇਸ ਜਹਾਜ਼ ਨੂੰ 31 ਸਾਲਾ ਭਾਰਤੀ ਪਾਇਲਟ ਕੈਪਟਨ ਭਵੈ ਜੁਨੇਜਾ ਚਲਾ ਰਿਹਾ ਸੀ। ਰਿਪੋਰਟ ਦੇ ਵਿਚ ਆਇਆ ਹੈ ਕਿ ਇਸਨੇ ਜਹਾਜ਼ ਦੇ ਜਾਵਾ ਸਮੁੰਦਰ ਦੇ ਵਿਚ ਡਿਗਣ ਤੱਕ ਇਸਨੂੰ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਨਹੀਂ ਬਚਾ ਸਕਿਆ। ਅੱਜ ਇਸਦੇ ਸਰੀਰ ਦੇ ਮਿਲੇ ਕੁਝ ਅੰਸ਼ਾਂ ਦਾ ਉਸਦੇ ਮਾਤਾ-ਪਿਤਾ ਅਤੇ ਹੋਰ ਪਰਿਵਾਰਕ ਮੈਂਬਰਾਂ ਦੀ ਹਾਜ਼ਰੀ ਵਿਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਇਹ ਪਰਿਵਾਰ ਭਾਵੇਂ ਸਨਾਤਨੀ ਮੱਤ ਨਾਲ ਸਬੰਧਿਤ ਸੀ, ਪਰ ਇਸ ਪਰਿਵਾਰ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਵਿਸ਼ਵਾਸ਼ ਸੀ। ਕੁਝ ਸਾਲ ਪਹਿਲਾਂ ਭਵੈ ਸੁਨੇਜਾ ਨੇ ਗੁਰਦੁਆਰਾ ਸਾਹਿਬ ਪਾਸਰ ਬਾਰੂ ਵਿਖੇ ਸੁਖਮਨੀ ਸਾਹਿਬ ਦਾ ਪਾਠ ਵੀ ਕਰਵਾਇਆ ਸੀ। ਇਸ ਪਾਇਲਟ ਦਾ ਪਰਿਵਾਰ ਘਟਨਾ ਤੋਂ ਬਾਅਦ ਹੀ ਆਪਣੇ ਪੁੱਤਰ ਦਾ ਮ੍ਰਿਤਕ ਸਰੀਰ ਪ੍ਰਾਪਤ ਕਰਨ ਲਈ ਇਥੇ ਪਹੁੰਚਿਆ ਹੋਇਆ ਸੀ।

# ਪੀ.ਸੀ.ਐੱਚ.ਐਸ. ਸੀਨੀਅਰਜ਼ ਗਰੁੱਪ ਦੇ ਮੈਂਬਰਾਂ ਨੇ 'ਪਾਮਾ ਗੈਲਰੀ' ਦਾ ਟੂਰ ਲਗਾਇਆ



ਬਰੈਂਪਟਨ, (ਡਾ. ਝੰਡ) -ਕੈਨੇਡਾ ਦੇ ਪੁਰਾਣੇ ਵਸਨੀਕਾਂ ਦੇ ਦੋ ਪ੍ਰਤੀਨਿਧਾਂ ਕੈਟ ਅਤੇ ਸ਼ੈਰਨ ਦੀ ਅਗਵਾਈ ਹੇਠ ਪੰਜਾਬੀ ਕਮਿਊਨਿਟੀ ਹੈੱਲਥ ਸਰਵਿਸਿਜ਼ (ਪੀ.ਸੀ.ਐੱਚ.ਐੱਸ.) ਸੀਨੀਅਰਜ਼ ਗਰੁੱਪ ਦੇ ਮੈਂਬਰਾਂ ਨੇ ਬੀਤੇ ਸ਼ੁੱਕਰਵਾਰ ਪੀਲ ਆਰਟ ਗੈਲਰੀ ਮਿਊਜ਼ੀਅਮ ਐਂਡ ਆਰਕਾਈਵਜ਼ ('ਪਾਮਾ') ਦਾ ਟੂਰ ਲਗਾਇਆ। ਇਸ ਦਾ ਸੁਚੱਜਾ ਪ੍ਰਬੰਧ 50 ਸਨੀਮੈਡੋ ਮੈਡੀਕਲ ਆਫ਼ਿਸਜ਼ ਸਥਿਤ ਪੀ.ਸੀ.ਐੱਚ.ਐੱਸ. ਦੇ ਆਫ਼ਿਸ ਵੱਲੋਂ ਕੀਤਾ ਗਿਆ। ਪੀ.ਸੀ.ਐੱਚ.ਐੱਸ. ਸੀਨੀਅਰਜ਼ ਦੇ ਸ਼ੁੱਕਰਵਾਰ ਵਾਲੇ ਗਰੁੱਪ ਦੇ ਸਾਰੇ ਮੈਂਬਰ ਦਿੱਤੇ ਹੋਏ ਸਮੇਂ ਸਵੇਰੇ 9.30 ਵਜੇ ਤੱਕ ਦਫ਼ਤਰ ਦੇ ਸਾਹਮਣੇ ਵਾਲੀ ਪਾਰਕਿੰਗ ਵਿਚ ਪਹੁੰਚ ਗਏ ਜਿੱਥੋਂ ਉਹ 10 ਕੁ ਮਿੰਟ ਬਾਅਦ ਆਈ ਸਕੂਲ ਬੱਸ ਵਿਚ ਸਵਾਰ ਹੋ ਕੇ ਬਰੈਂਪਟਨ ਡਾਊਨ ਟਾਊਨ ਕੈਨੇਡੀ ਰੋਡ ਤੇ ਮੇਨ ਸਟਰੀਟ ਦੇ ਨੇੜੇ ਇਕ ਵੱਡੀ ਇਮਾਰਤ ਵਿਚ ਬਰੈਂਪਟਨ ਸਿਟੀ ਵੱਲੋਂ ਬਣਾਏ ਗਏ ਅਜਾਇਬ ਘਰ 'ਪਾਮਾ' ਦੇ ਸਾਹਮਣੇ ਜਾ ਕੇ ਉੱਤਰੇ।

ਟੂਰ ਦੇ ਪ੍ਰਬੰਧਕਾਂ ਨੇ ਪਹਿਲਾਂ ਹੀ ਲੋੜੀਂਦੀਆਂ ਟਿਕਟਾਂ ਵਗ਼ੈਰਾ ਦਾ ਇੰਤਜ਼ਾਮ ਕੀਤਾ ਹੋਇਆ ਸੀ। ਉੱਥੇ ਪਹੁੰਚ ਕੇ ਉਨ੍ਹਾਂ ਵੱਲੋਂ ਲਿਆਂਦੀ ਗਈ ਚਾਹ ਅਤੇ ਸਨੈਕਸ ਵਗ਼ੈਰਾ ਲੈ ਕੇ ਮੈਂਬਰ ਦੋ ਗਰੁੱਪਾਂ ਵਿਚ ਗਾਈਡਾਂ ਦੀ ਅਗਵਾਈ ਵਿਚ ਮਿਊਜ਼ੀਅਮ ਦੇ ਦੇ ਵੱਖ-ਵੱਖ ਸੈਕਸ਼ਨਾਂ ਵੱਲ ਚੱਲ ਪਏ। ਪਹਿਲੇ ਗਰੁੱਪ ਦੀ ਅਗਵਾਈ ਮਿਸਟਰ ਕੈਟ ਖ਼ੁਦ ਕਰ ਰਹੇ ਸਨ ਅਤੇ ਦੂਸਰੇ ਦੀ ਅਗਵਾਈ ਮਿਊਜ਼ੀਅਮ ਦੇ ਇਕ ਕਰਮਚਾਰੀ ਨੇ ਕੀਤੀ। ਮਿਊਜ਼ੀਅਮ ਦੇ ਅੰਦਰ ਦਾਖ਼ਲ ਹੁੰਦਿਆਂ ਹੀ ਸੱਜੇ ਹੱਥ ਸਜਾਏ ਹੋਏ ਕੈਨੇਡਾ ਦੇ ਪੁਰਾਣੇ ਵਸਨੀਕਾਂ ਦੇ ਕੁਝ ਪੋਰਟਰੇਟ ਉਨ੍ਹਾਂ ਦੀਆਂ ਰਵਾਇਤੀ ਪੁਸ਼ਾਕਾਂ ਵਿਚ ਲਗਾਏ ਗਏ ਸਨ। ਉਸ ਤੋਂ ਅੱਗੇ ਉਨ੍ਹਾਂ ਦੇ ਰੋਜ਼ਾਨਾ ਜੀਵਨ ਸਬੰਧੀ ਕਈ ਚਿੱਤਰ ਅਤੇ ਚੀਜ਼ਾਂ-ਵਸਤਾਂ ਰੱਖੀਆਂ ਹੋਈਆਂ ਸਨ। ਖੇਤੀਬਾੜੀ ਲਈ ਵਰਤੇ ਜਾਂਦੇ ਸੰਦ ਹਲ, ਪੰਜਾਲੀ, ਖੁਰਪੇ, ਤੰਗਲੀਆਂ ਵਗ਼ੈਰਾ ਅਤੇ ਘਰਾਂ ਵਿਚ ਵਰਤੇ ਜਾਂਦੇ ਆਮ ਬਰਤਨ, ਚਰਖ਼ੇ, ਕਰੀਮ ਕੱਢਣ ਵਾਲੀ ਮਸ਼ੀਨ, ਪੈਰਾਂ ਨਾਲ ਚੱਲਣ ਵਾਲੀ ਸਿਲਾਈ ਮਸ਼ੀਨ ਆਦਿ ਬੜੇ ਸਲੀਕੇ ਨਾਲ ਸਜਾਏ ਗਏ ਸਨ।



ਮਿਊਜ਼ੀਅਮ ਦਾ ਇਕ ਪੂਰਾ ਸੈਕਸ਼ਨ ਕੈਨੇਡਾ ਦੀ 'ਫ਼ਸਟ ਨੇਸ਼ਨ' ਨੂੰ 'ਰੀਕੌਨਸਾਈਲ' ਕਰਨ ਬਾਰੇ ਦਰਸਾ ਰਿਹਾ ਸੀ ਜਿਸ ਵਿਚ ਵੱਖ-ਵੱਖ ਚਿੱਤਰਾਂ ਦੇ ਹੇਠਾਂ ਰੀਕੌਨਸਾਈਲੇਸਨ਼ ਨੂੰ ਪ੍ਰੀਭਾਸ਼ਿਤ ਕੀਤਾ ਗਿਆ ਸੀ, ਜਿਵੇਂ ਇਕ ਚਿੱਤਰ ਵਿਚ ਇਕ ਆਦਿਵਾਸੀ ਮਨੁੱਖ਼ ਇਕ ਵੱਡੇ ਸਾਰੇ ਰੁੱਖ ਦੇ ਤਣੇ ਨੂੰ ਜੱਫ਼ਾ ਮਾਰੀ ਖੜਾ ਸੀ ਅਤੇ ਉਸ ਦੇ ਹੇਠਾਂ ਲਿਖਿਆ ਸੀ ਕਿ ਰੀਕੌਨਸਾਈਲੇਸ਼ਨ ਫ਼ਸਟ ਨੇਸ਼ਨ ਦੇ ਸੱਭਿਆਚਾਰ ਅਤੇ ਭਾਸ਼ਾਵਾਂ ਨੂੰ ਬਚਾਉਣਾ ਹੈ। ਦੂਸਰੇ ਵਿਚ ਦਰਜ ਸੀ ਕਿ ਰੀਕੌਨਸਾਈਲੇਸ਼ਨ ਰੀਜ਼ਰਵਜ਼ ਵਿਚ ਰਹਿੰਦੇ ਬੱਚਿਆਂ ਲਈ ਸੁਚੱਜੀ ਸਿੱਖਿਆ ਦਾ ਪ੍ਰਬੰਧ ਕਰਨਾ ਹੈ, ਤੀਸਰੇ ਵਿਚ ਕੈਨੇਡਾ ਵਿਚ ਸਹੀ ਮਾਅਨਿਆਂ ਵਿਚ ਵਿਭਿੰਨਤਾ (ਡਾਈਵਰਸਿਟੀ) ਲਿਆਉਣ ਲਈ ਵੱਖ-ਵੱਖ ਭਾਸ਼ਾਵਾਂ ਪੰਜਾਬੀ, ਉਰਦੂ, ਅੰਗਰੇਜ਼ੀ, ਅਰਬੀ, ਪੁਰਤਗੇਜ਼ੀ, ਗੁਜਰਾਤੀ, ਮੈਂਡਾਰਿਨ, ਸਪੈਨਿਸ਼, ਤਾਮਿਲ ਆਦਿ ਨੂੰ ਮਾਨਤਾ ਦੇਣ ਬਾਰੇ ਕਾਫ਼ੀ ਲੰਮਾ-ਚੌੜਾ ਲਿਖਿਆ ਹੋਇਆ ਸੀ ਅਤੇ ਇਕ ਹੋਰ ਚਿੱਤਰ ਵਿਚ ਤਾਂ ਇਹ ਵੀ ਦਰਜ ਸੀ ਕਿ ਰੀਕੌਨਸਾਈਲੇਸ਼ਨ ਸਿਰਫ਼ ਫ਼ਸਟ ਨੇਸ਼ਨ ਕੋਲੋਂ ਦੋ ਵਾਰ ਮੁਆਫ਼ੀ ਮੰਗ ਲੈਣਾ ਹੀ ਨਹੀਂ ਹੈ, ਸਗੋਂ ਇਹ ਉਨ੍ਹਾਂ ਨਾਲ ਬਰਾਬਰੀ ਦਾ ਵਰਤਾਰਾ ਕਰਨਾ ਹੈ।

ਇਸ ਤਰ੍ਹਾਂ ਮਿਊਜ਼ੀਅਮ ਦੇ ਵੱਖ-ਵੱਖ ਸੈਕਸ਼ਨਾਂ ਨੂੰ ਨਿਹਾਰਦੇ ਹੋਏ ਸਾਰੇ ਮੈਂਬਰ ਸਾਢੇ ਕੁ ਬਾਰਾਂ ਵਜੇ ਫਿਰ ਇਕੱਠੇ ਹੋ ਗਏ ਅਤੇ ਸਾਹਮਣੇ ਖੜੀ ਸਕੂਲ ਵਿਚ ਬੈਠ ਕੇ ਵਾਪਸ ਪੀ.ਸੀ.ਐੱਚ.ਐੱਸ. ਦੇ ਆਫ਼ਿਸ ਵੱਲ ਚੱਲ ਪਏ। ਬੱਸ ਵਿਚ ਉਹ ਇਕ ਦੂਸਰੇ ਨਾਲ ਗੱਲਾਂ-ਬਾਤਾਂ ਕਰਦਿਆਂ ਕਹਿ ਰਹੇ ਸਨ ਕਿ ਮਿਊਜ਼ੀਅਮ ਵਿਚ ਕਾਫ਼ੀ ਕੁਝ ਨਵਾਂ ਅਤੇ ਗਿਆਨ-ਵਰਧਕ ਵੇਖਣ ਨੂੰ ਮਿ-ਲਿਆ। ਇਸ ਦੇ ਨਾਲ ਹੀ ਉਹ ਪੀ.ਸੀ.ਐੱਚ.ਐੱਸ. ਅਤੇ ਕੈਟ ਤੇ ਸ਼ੈਰਨ ਦਾ ਧੰਨਵਾਦ ਵੀ ਕਰ ਰਹੇ ਸਨ।

## 2018-ਅੰਟਾਰੀਓ ਸੀਨੀਅਰਜ਼ ਅਚੀਵਮੈਂਟ ਅਵਾਰਡਜ਼

23 ਨਵੰਬਰ 2018 ਦਿਨ ਸ਼ੁਕਰਵਾਰ ਨੂੰ ਅੰਟਾਰੀਓ ਦੀ ਰਾਜਧਾਨੀ ਕੁਈਨਜ਼ ਪਾਰਕ - ਪਾਰਲੀਮੈਂਟ ਹਿਲ ਵਿਖੇ ਹੋਏ

# ਅਜੀਤ ਸਿੰਘ ਰੱਖੜਾ ਅਤੇ 'ਸੇਵਾਦਲ' ਸਨਮਾਨਿਤ



ਸਲਾਨਾ ਪ੍ਰਭਾਵਸ਼ਾਲੀ ਸਮਾਗਮ ਵਿਚ ਬਰੈਂਪਟਨ ਦੇ ਵਸਨੀਕ ਅਜੀਤ ਸਿੰਘ ਰੱਖੜਾ ਅਤੇ ਉਸ ਰਾਹੀ ਬਣੀ ਆਰਗੇਨਾਈਜ਼ੇਸ਼ਨ 'ਸੀਨੀਅਰਜ਼ ਸੋਸ਼ਿਲ ਸਰਵਿਸਜ਼ ਗਰੁਪ ਬਰੈਂਪਟਨ' ਦੀਆਂ ਉਪਲਭਤੀਆਂ ਦੀ ਚਰਚਾ ਕੀਤੀ ਗਈ ਅਤੇ ਅਜੀਤ ਸਿੰਘ ਰੱਖੜਾ ਨੂੰ 'ਅੰਟਾਰੀਓ ਸੀਨੀਅਰਜ਼ ਅਚੀਵਮੈਂਟ ਅਵਾਰਡ-2018 ਨਾਲ ਸਨਮਾਨਿਤ ਕੀਤਾ ਗਿਆ। ਇਸ ਵਕਾਰੀ ਸਨਮਾਨ ਨੂੰ ਭੇਂਟ ਕਰਨ ਲਈ ਅੰਟਾਰੀਓ ਦੀ ਲੈਫਟੀਨੈਂਟ ਗਵਰਨਰ ਆਨਰੇਬਲ ਅਲਿਜ਼ਬੈਥ ਡਊਨਜ਼ਵੈਲ ਅਤੇ ਸੀਨੀਅਰਜ਼ ਮਨਿਸਟਰ ਰੇਮੰਡ ਚਾਓ ਸਸ਼ੋਭਿਤ ਸਨ। 100 ਦੇ ਲਗ ਭੱਗ ਵੀਆਈ ਪੀ ਲੋਕਾਂ ਦੀ ਹਾਜਰੀ ਵਿਚ ਇਹ ਇਨਾਮ ਸਮਾਰੋਹ ਸੰਪਨ ਹੋਇਆ ਜਿਥੇ ਸ਼ਹਿਰ ਦੇ ਓਮਨੀ ਟੀਵੀ ਤੋਂ ਇਲਾਵਾ ਹੋਰ ਕਈ ਮੇਨ ਸਟਰੀਮ ਮੀਡੀਆ ਕਰਮੀ ਹਾਜਰ ਸਨ। ਓਮਨੀ ਟੀਵੀ ਨੇ ਉਸੇ ਦਿਨ ਸ਼ਾਮ ਦੇ ਪ੍ਰੋਗਰਾਮ ਵਿਚ ਰੱਖੜਾ ਸਾਹਿਬ ਨਾਲ ਹੋਈ ਭੇਂਟ ਵਾਰਤਾ ਦੇ ਵੀਡੀਓ ਕਲਿਪ ਵਿਖਾਏ।

ਐਮਸੀ ਮਾਰਲੀ ਲੀਸੁਨ ਨੇ ਜਦ ਅਜੀਤ ਸਿੰਘ ਰੱਖੜਾ ਰਾਹੀਂ ਕੀਤੇ ਗਏ ਪ੍ਰੋਜੈਕਟਸ ਦੀ ਡੀਟੇਲ ਪੜ੍ਹੀ ਜਿਸ ਵਿਚ ਅੰਟਾਰੀਓ ਦੀ ਗ੍ਰੀਬੀ ਰੇਖਾ ਨੂੰ ਵਧਵਾਉਣਾ (ਤਾਂ ਜੋ ਸਭ ਬਜ਼ੁਰਗ ਮੁਫਤ ਦੁਆਈਆਂ ਲੈ ਸਕਣ), ਸਸਤੇ ਫੀਊਨਰਲਜ / ਅਸਥੀਆਂ ਤਾਰਣ ਲਈ ਮੰਨਜ਼ੂਰੀ, ਭਾਈਚਾਰੇ ਨੂੰ ਹਰ ਸਾਲ਼ ਮਲਟੀਕਲਚਰਲ ਊਰਜਾ ਨਾਲ ਨਾਲ ਭਰਨ ਲਈ ਈਵੈਂਟ ਕਰਨਾ ਅਤੇ ਨੀਊ ਕਮਰਜ਼ ਲਈ ਰਾਈਡ ਦੇ ਬੰਦੋਬਸਤ ਕਰਨੇ, ਸੁਣਕੇ, ਹਾਲ ਤਾੜੀਆ ਨਾਲ ਗੂੰਜ ਉਠਿਆ।

ਆਨਰੇਬਲ ਗਵਰਨਰ ਨੇ ਕੁਮੈਂਟ ਕੀਤਾ ਕਿ 'ਇਟ ਇਜ਼ ਆਊਟਸਟੈਨਡਿੰਗ'। ਅਜੀਤ ਸਿੰਘ ਰੱਖੜਾ ਨੇ ਕੁਝ ਨਾਮਾ ਨਗਾਰਾ ਨਾਲ ਗਲ ਕਰਦਿਆ ਆਖਿਆ ਕਿ ਇਹ ਸਨਮਾਨ ਮੇਰਾ ਨਹੀਂ ਸਗੋਂ ਸਮੂਹ ਪੰਜਾਬੀ ਭਾਈਚਾਰੇ ਦਾ ਹੈ ਜਿਨ੍ਹਾ ਵਾਸਤੇ ਪ੍ਰੋਜੈਕਟ ਕੀਤੇ ਜਾਂਦੇ ਹਨ ਅਤੇ ਉਹ ਪ੍ਰੋਜੈਕਟਾਂ ਨੂੰ ਕਾਮਯਾਬ ਕਰਦੇ ਹਨ। ਇਹ ਇਨਾਮ ਉਨ੍ਹਾਂ ਮੁਠੀ ਭਰ ਲੋਕਾਂ ਦੀ ਹਾਰ ਦਾ ਵੀ ਪ੍ਰਤੀਕ ਹੈ ਜੋ ਸੰਸਥਾ ਦੇ ਕੰਮਾ ਨੂੰ ਅਮੂਮਨ ਨੀਗੇਟਿਵਲੀ ਕੁਮੈਂਟ ਕਰਦੇ ਰਹਿੰਦੇ ਹਨ। ਰੱਖੜਾ ਸਾਹਿਬ ਤੋਂ ਇਲਾਵਾ ਸਊਥ ਏਸ਼ੀਅਨ ਭਾਈਚਾਰੇ ਵਿਚੋਂ ਦੋ ਹੋਰ ਵਿਅਕਤੀ ਵੀ ਸਨਮਾਨਿਤ ਹੋਏ ਜਿਨ੍ਹਾ ਦਾ ਨਾਮ ਸੇਮੂਅਲ ਲਾਲਦੀਨ ਅਤੇ ਮੁਹੱਮਦ ਓਮਾਰ ਜ਼ਹੀਦੀ ਹਨ। 'ਰੱਖੜਾ' ਨੂੰ ਵਧਾਈ ਦੇਣ ਲਈ ਫੋਨ ਹੈ 905 794 7882

## ਸੁਰਜੀਤ ਸਿੰਘ ਖ਼ੁਰਲ ਤੇ ਸੁਰਜੀਤ ਕੌਰ ਖ਼ੁਰਲ ਨੇ ਮਨਾਈ ਆਪਣੇ ਵਿਆਹ ਦੀ 49ਵੀਂ ਵਰ੍ਹੇ-ਗੰਢ



ਬਰੈਂਪਟਨ, (ਡਾ. ਝੰਡ) -'ਯੂਨਾਈਟਿਡ ਆਟੋ ਵਰਕਸ' ਦੇ ਮਾਲਕ ਸੁਰਜੀਤ ਸਿੰਘ ਖ਼ੁਰਲ ਤੇ ਸੁਰਜੀਤ ਕੌਰ ਖ਼ੁਰਲ ਨੇ ਬੀਤੇ ਐਤਵਾਰ 25 ਨਵੰਬਰ ਨੂੰ 140 ਰਿਵਾਲਡਾ ਰੋਡ ਸਥਿਤ ਗੁਰਦੁਆਰਾ ਸਾਹਿਬ ਵਿਖੇ ਆਪਣੇ ਵਿਆਹ ਦੀ 49ਵੀਂ ਵਰ੍ਹੇ-ਗੰਢ ਬੜੇ ਉਤਸ਼ਾਹ ਨਾਲ ਮਨਾਈ। ਇਸ ਮੌਕੇ ਉਨ੍ਹਾਂ ਦੇ ਤਿੰਨਾਂ ਸਪੁੱਤਰਾਂ, ਨੂੰਹਾਂ ਤੇ ਪੋਤੇ-ਪੋਤੀਆਂ ਸਮੇਤ ਹੋਰ ਕਈ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਅਤੇ ਸਨੇਹੀਆਂ ਨੇ ਭਰਪੂਰ ਸ਼ਮੂਲੀਅਤ ਕੀਤੀ ਅਤੇ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਤੋਹਫ਼ੇ ਦੇ ਕੇ ਵਧਾਈਆਂ ਦਿੱਤੀਆਂ। ਸਵੇਰੇ 11.00 ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਆਰੰਭਤਾ ਹੋਈ ਅਤੇ ਇਸ ਦੇ ਭੋਗ ਉਪਰੰਤ ਰਾਗੀ ਜੱਥੇ ਚਰਨਜੀਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਗਿਆ। ਬਰੈਂਪਟਨ ਦੀ ਜਾਣੀ-ਪਹਿਚਾਣੀ ਸ਼ਖ਼ਸੀਅਤ ਕਵੀ ਕੇਹਰ ਸਿੰਘ ਮਠਾੜੂ ਵੱਲੋਂ ਸ. ਸੁਰਜੀਤ ਸਿੰਘ ਖ਼ੁਰਲ ਦੇ ਦਿੱਲੀ ਤੋਂ ਅਰਜਨਟਾਇਨਾ ਜਾ ਕੇ ਉਸ ਦੇਸ਼ ਦੇ ਸ਼ਹਿਰ ਡੇ ਲਾ ਸਾਲਟਾ ਵਿਖੇ ਬਾਡੀ-ਸ਼ਾਪ ਦਾ ਆਪਣਾ ਕੰਮ ਸਥਾਪਿਤ ਕਰਨ, ਉਸ ਨੂੰ ਸਫ਼ਲਤਾ-ਪੂਰਵਕ ਚਲਾਉਣ ਅਤੇ ਉੱਥੇ ਉਸ ਸ਼ਹਿਰ ਵਿਚ ਸੰਗਤ ਨਾਲ ਮਿਲ ਕੇ ਗੁਰਦੁਆਰਾ ਸਾਹਿਬ ਬਨਾਉਣ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਉੱਥੇ ਵਿਸਾਖ਼ੀ ਦਾ ਪੁਰਬ ਪਹਿਲੀ ਵਾਰ ਮਨਾਉਣ ਲਈ ਸੁਰਜੀਤ ਸਿੰਘ ਪੰਜ ਪਿਆਰਿਆਂ ਅਤੇ ਹੋਰ ਸੰਗਤ ਲਈ ਕੱਕਾਰਾਂ ਦਾ ਲੋੜੀਂਦਾ ਸਮਾਨ ਕਿਰਪਾਨਾਂ, ਕੜੇ, ਕੰਘੇ, ਆਦਿ ਇੱਥੋਂ ਬਰੈਂਪਟਨ ਤੋਂ ਆਪਣੇ ਨਾਲ ਲੈ ਕੇ ਗਏ ਅਤੇ ਫਿਰ ਉਸ ਤੋਂ ਬਾਅਦ ਵੀ ਉਹ ਕਈ ਵਾਰ ਇੰਜ ਹੀ ਲਿਜਾਂਦੇ ਰਹੇ ਕਿਉਂਕਿ ਇਹ ਉੱਥੇ ਉਪਲੱਭਧ ਨਹੀਂ ਹਨ। ਮਲੂਕ ਸਿੰਘ ਕਾਹਲੋਂ ਨੇ ਵੀ ਇਸ ਸ਼ੁਭ ਮੌਕੇ ਸੁਰਜੀਤ ਸਿੰਘ ਖ਼ੁਰਲ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਮੁਬਾਰਕਬਾਦ ਦਿੱਤੀ।

ਇਸ ਮੌਕੇ ਚਾਹ-ਪਾਣੀ ਅਤੇ ਲੰਗਰ ਦਾ ਬਹੁਤ ਵਧੀਆ ਪ੍ਰਬੰਧ ਸੁਰਜੀਤ ਸਿੰਘ ਖ਼ੁਰਲ ਦੇ ਪਰਿਵਾਰ ਵੱਲੋਂ ਕੀਤਾ ਗਿਆ। ਸਮਾਗ਼ਮ ਦੀ ਸਮਾਪਤੀ 'ਤੇ ਸਾਰਿਆਂ ਨੇ ਹੀ ਉਨ੍ਹਾਂ ਨਾਲ ਮੁਬਾਰਕਬਾਦ ਸਾਂਝੀ ਕੀਤੀ। ਸੁਰਜੀਤ ਸਿੰਘ ਖ਼ੁਰਲ ਨਾਲ ਵਧਾਈ ਸਾਂਝੀ ਕਰਨ ਲਈ ਉਨ੍ਹਾਂ ਨਾਲ 647-719-7021 'ਤੇ ਸੰਪਰਕ ਕੀਤਾ ਜਾ ਸਕਦਾ ਹੈ।

Jobs Jobs Jobs

General Labour/ Drivers/ Window Assemblers & Machine Operators

ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030/416 477 3344
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

7STAR IMMIGRATION

ਜੇ ਹੋਰ ਪਾਸੋ ਯਤਨ ਕਰਕੇ ਥੱਕ ਚੁਕੇ ਹੋ, ਤਾਂ ਇਕ ਵਾਰੀ ਸੇਵਾ ਦਾ ਮੌਕਾ ਜ਼ਰੂਰ ਦਿਓ!

ਵੀਜ਼ਾ ਤੇ ਇਮੀਗ੍ਰੇਸ਼ਨ ਦੀਆਂ ਸੇਵਾਵਾਂ

With Our Expert Team

- Spousal Sponsorship
- Study Visa
- Express Entry
- Work Visa
- Visitor Visa
- Super Visa
- Citizenship
- PR Card Renewal
- Caregiver Program
- Atlantic Pilot Program
- Study Permit Extension
- PNP Application
- Work Permit Extension
- LMIA Application
- Spousal Work Permit
- Multiple Visa
- Parent Sponsorship
- Grandparents Sponsorship

Simrat Nijjar
Regulated Canadian Immigration Consultant

Ph:(905) 846-0707
Fax:(905)497-0706

Visit us online: www.7starimmigration.ca or email us at: info@7starimmigration.ca

1625 Steeles Ave E., Unit 17A, Brampton, ON L6T 4T7
Main Intersection- Steeles & Advance Blvd.

# ਸੰਪਾਦਕੀ

## ਜੀ ਐਮ ਮੋਟਰਜ਼: ਕੈਨੇਡਾ ਨੂੰ ਚਾਹੀਦਾ ਹੈ ਇੱਕ ਗਲਤ ਆਦਮੀ ?

"ਜਨਰਲ ਮੋਟਰਜ (ਜੀ ਐਮ) ਅਤੇ ਇਸਦੀ ਚੀਫ ਐਗਜ਼ੈਕਟਿਵ ਅਫ਼ਸਰ ਦਾ ਓਹਾਈਓ, ਮਿਸ਼ੀਗਨ ਅਤੇ ਮੇਰੀਲੈਂਟ ਵਿੱਚ ਪਲਾਂਟ ਬੰਦ ਕਰਨ ਦਾ ਫੈਸਲਾ ਬੇਹੱਦ ਮਾੜੀ ਗੱਲ ਹੈ। ਅਮਰੀਕਾ ਨੇ ਜਨਰਲ ਮੋਟਰਜ਼ ਨੂੰ ਬਚਾਇਆ ਅਤੇ ਉਸਦੇ ਬਦਲੇ ਸਾਨੂੰ ਆਹ ਧੰਨਵਾਦ ਦਿੱਤਾ ਜਾ ਰਿਹਾ ਹੈ। ਅਸੀਂ ਜਨਰਲ ਮੋਟਰਜ਼ ਦੀਆਂ ਸਾਰੀਆਂ ਸਬਸਿਡੀਆਂ ਕੱਟਣ ਜਾ ਰਹੇ ਹਾਂ... ਜੇ ਉਹ ਆਪਣਾ ਭਲਾ ਚਾਹੁੰਦੇ ਹਨ ਤਾਂ ਚੰਗਾ ਹੋਵੇਗਾ ਕਿ ਜਲਦੀ ਤੋਂ ਜਲਦੀ ਓਹਾਈਓ ਵਿੱਚ ਨਵਾਂ ਪਲਾਂਟ ਲਾਉਣ"। ਇਹ ਟਵੀਟ ਉਸ ਇਨਸਾਨ ਦਾ ਹੈ ਜੋ ਟਵੀਟਾਂ ਰਾਹੀਂ ਰਣਨੀਤਕ ਅਤੇ ਰਾਜਨੀਤਕ ਪਹੁੰਚ ਅਪਨਾਉਣ ਲਈ ਨਾਮੀ ਹੈ ਜਾਂ ਬਦਨਾਮੀ ਹੈ ਭਾਵ ਰਾਸ਼ਟਰਪਤੀ ਡੋਨਲਡ ਟਰੰਪ। ਉਸਨੇ ਨੇ ਇੱਕ ਹੋਰ ਬਿਆਨ ਵਿੱਚ ਜਨਰਲ ਮੋਟਰਜ਼ ਨੂੰ ਕਿਹਾ ਹੈ ਕਿ ਤੁਸੀਂ ਇੱਕ ਗਲਤ ਆਦਮੀ ਨਾਲ ਪੰਗਾ ਲੈ ਰਹੇ ਹੋ ਅਤੇ ਤੁਹਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਮੈਂ ਅਮਰੀਕਾ ਦੇ ਵਰਕਰਾਂ ਦੇ ਹਿੱਤਾਂ ਦੇ ਨਾਲ ਖੜਾ ਹਾਂ।

ਕੈਨੇਡਾ ਵਿੱਚੋਂ ਹਾਲੇ ਤੱਕ ਕੋਈ ਗਲਤ ਆਦਮੀ ਖੜਾ ਨਹੀਂ ਹੋਇਆ ਜੋ 'ਜੀ ਐਮ' ਨੂੰ ਸਮਝਾ ਸਕੇ ਕਿ ਵਾਹਨ ਇੰਡਸਟਰੀ ਦੀ ਸਫ਼ਲਤਾ ਵਿੱਚ ਚੰਗੀਆਂ ਯੋਜਨਾਵਾਂ ਅਤੇ ਕਾਰਪੋਰੇਟ ਤੌਰ ਤਰੀਕਿਆਂ ਦਾ ਰੋਲ ਹੁੰਦਾ ਹੈ, ਇਸ ਇੰਡਸਟਰੀ ਦੀ ਸਫ਼ਲਤਾ ਵਿੱਚ ਸਿਆਸੀ ਦਖ਼ਲਅੰਦਾਜੀ ਦਾ ਵੀ ਬਰਾਬਰ ਦਾ ਰੋਲ ਹੁੰਦਾ ਹੈ। ਇਸ ਤੋਂ ਉਲਟ ਕੈਨੇਡਾ ਵਿੱਚ ਜੋ ਕੁੱਝ ਵੇਖਣ ਨੂੰ ਮਿਲ ਰਿਹਾ ਹੈ, ਉਹ ਬਿਲਕੁਲ ਢਿੱਲਾ/ਬੇਜਾਨ ਜਿਹਾ ਹੁੰਗਾਰਾ ਜਿਵੇਂ ਕੈਨੇਡਾ ਦੀਆਂ ਫੈਡਰਲ ਅਤੇ ਪ੍ਰੋਵਿਸ਼ੀਅਲ ਸਰਕਾਰਾਂ ਦਾ ਇਹਨਾਂ ਕਾਰਪੋਰੇਸ਼ਨਾਂ ਉੱਤੇ ਕੋਈ ਜੋਰ ਨਹੀਂ ਚੱਲ ਸਕਦਾ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਜੀ ਐਮ ਦੇ ਫੈਸਲੇ ਨੂੰ 'ਹੋਣੀ' ਸਮਝ ਕੇ ਕਬੂਲ ਕਰ ਲੈਣਾ ਹੈਰਾਨੀਜਨਕ ਗੱਲ ਹੈ।

ਇਸਤੋਂ ਵੱਧ ਦਿਲਚਸਪ ਗੱਲ ਹੋਰ ਕੀ ਹੋ ਸਕਦੀ ਹੈ ਕਿ ਸਦਾ ਲਿਬਰਲ ਸਰਕਾਰ ਦੇ ਗੁਣਗਾਨ ਕਰਨ ਵਾਲੇ ਅਖ਼ਬਾਰ ਟੋਰਾਂਟੋ ਸਟਾਰ ਨੇ ਵੀ ਪ੍ਰਧਾਨ ਮੰਤਰੀ ਟਰੂਡੋ ਨੂੰ ਸਲਾਹ ਦਿੱਤੀ ਹੈ ਕਿ ਆਹ ਸਮਾਂ 'ਸਾਊਪੁਣਾ ਅਤੇ ਸ਼ਾਲੀਨਤਾ' ਦਾ ਪ੍ਰਗਟਾਵਾ ਕਰਕੇ 'ਐਵੇਂ ਹੀ ਕੈਨੇਡੀਅਨ' ਬਣਨ ਦਾ ਨਹੀਂ ਹੈ। ਇਸਤੋਂ ਉਲਟ ਸਮਾਂ ਰਾਸ਼ਟਰਪਤੀ ਟਰੰਪ ਵੱਲੋਂ ਅਪਣਾਏ ਗਏ ਰੁਖ ਤੋਂ ਸਬਕ ਸਿੱਖ ਕੇ ਹਿੰਮਤ ਨਾਲ ਕੈਨੇਡੀਅਨਾਂ ਦੇ ਹਿੱਤਾਂ ਨਾਲ ਖੜਨ ਦਾ ਹੈ ਅਤੇ ਜੀ ਐਮ ਨੂੰ ਲੀਹ ਉੱਤੇ ਲਿਆਉਣ ਲਈ ਲੋੜੀਂਦੇ ਕਦਮ ਤੁਰੰਤ ਚੁੱਕਣੇ ਚਾਹੀਦੇ ਹਨ। ਟੋਰਾਂਟੋ ਸਟਾਰ ਸੁਆਲ ਕਰਦਾ ਹੈ "ਕੀ ਇਹ ਸਹੀ ਸਮਾਂ ਹੈ ਕਿ ਜਸਟਿਨ ਟਰੂਡੋ ਆਪਣੇ ਅੰਦਰ ਲੁਕੇ ਹੋਏ ਟਰੰਪ ਨੂੰ ਬਾਹਰ ਕੱਢੇ? ਦੂਜੇ ਸ਼ਬਦਾਂ ਵਿੱਚ ਕੀ ਪ੍ਰਧਾਨ ਮੰਤਰੀ ਨੂੰ ਸੋਹਣਾ ਮਿੱਠਾ, ਪਿਆਰਾ 2 ਕੈਨੇਡੀਅਨ ਲੱਗਣਾ ਛੱਡ ਨਹੀਂ ਦੇਣਾ ਚਾਹੀਦਾ ਤਾਂ ਕਿ ਜਨਰਲ ਮੋਟਰਜ਼ ਦੇ ਓਸ਼ਾਵਾ ਪਲਾਂਟ ਨੂੰ ਬੰਦ ਕਰਨ ਦੇ ਫੈਸਲੇ ਦਾ ਸਾਹਮਣਾ ਕੀਤਾ ਜਾ ਸਕੇ? ਪ੍ਰੰਤੂ ਟਰੂਡੋ ਅਤੇ ਪ੍ਰੀਮੀਅਰ ਡੱਗ ਫੋਰਡ ਇੰਝ ਵਰਤਾਅ ਕਰ ਰਹੇ ਹਨ ਜਿਵੇਂ ਉਹਨਾਂ ਦੇ ਹੱਥ ਵੱਸ ਕੁੱਝ ਵੀ ਨਹੀਂ ਹੁੰਦਾ"।

ਸਾਡੀ ਸਰਕਾਰ ਨੂੰ ਇਹ ਸਮਝਣ ਵਿੱਚ ਦੇਰ ਨਹੀਂ ਕਰਨੀ ਚਾਹੀਦੀ ਕਿ ਓਸ਼ਾਵਾ ਪਲਾਂਟ ਬੰਦ ਕਰਨ ਦਾ ਫੈਸਲਾ ਅਜਿਹਾ ਅਜਿਹਾ ਰੱਬੀ ਇਲਹਾਮ ਨਹੀਂ ਜੋ ਬਦਲਿਆ ਨਹੀਂ ਜਾ ਸਕਦਾ। ਜਨਰਲ ਮੋਰਟਜ਼ ਵੱਲੋਂ ਇਹ ਫੈਸਲਾ ਇਸ ਲਈ ਲਿਆ ਗਿਆ ਕਿ ਜੇ ਇਸਨੇ ਸਿਰਫ਼ ਅਮਰੀਕਾ ਵਿਚਲੇ ਪਲਾਂਟ ਬੰਦ ਕੀਤੇ ਤਾਂ ਰਾਸ਼ਟਰਪਤੀ ਟਰੰਪ ਦਾ ਗੁੱਸਾ ਹੋਰ ਵੀ ਛੱਤਣੀ ਚੜ ਕੇ ਬੋਲੇਗਾ।

ਕੀ ਫੈਡਰਲ ਸਰਕਾਰ ਕੋਲ ਇਸ ਗੱਲ ਦਾ ਕੋਈ ਸਪੱਸ਼ਟੀਕਰਨ ਹੈ ਕਿ ਐਤਵਾਰ ਸਵੇਰ ਤੱਕ ਸਾਡੇ ਸਾਇੰਸ ਅਤੇ ਇਨੋਵੇਸ਼ਨ ਮੰਤਰੀ ਨਵਦੀਪ ਬੈਂਸ ਹੋਰਾਂ ਨੂੰ ਜਨਰਲ ਮੋਟਰਜ਼ ਦੇ ਫੈਸਲੇ ਬਾਰੇ ਭਿਣਕ ਤੱਕ ਨਹੀਂ ਸੀ। ਸ੍ਰੀ ਬੈਂਸ ਜੀ ਐਮ ਦੇ ਫੈਸਲੇ ਤੋਂ ਇਸ ਤਰੀਕੇ ਹੱਕੇ ਬੱਕੇ ਸਨ ਜਿਵੇਂ ਦਰਿਆ ਦਾ ਪਾਣੀ ਕਿਨਾਰੇ ਪਾਰ ਕਰਕੇ ਅਚਾਨਕ ਮਕਾਨ ਅੰਦਰ ਦਾਖ਼ਲ ਹੋ ਗਿਆ ਹੋਵੇ। ਕੀ ਇੱਕ ਸੁਤੰਤਰ ਅਤੇ ਪ੍ਰਭੂਸੱਤਾ ਮੁਲਕ ਨੂੰ ਆਪਣੀ ਸਰਜ਼ਮੀਨ ਉੱਤੇ ਕਿਸੇ ਕਾਰੋਪੋਰੇਸ਼ਨ ਨੂੰ ਅਜਿਹਾ ਵਰਤਾਅ ਕਰਨ ਦੀ ਖੁੱਲ ਦੇਣੀ ਚਾਹੀਦੀ ਹੈ?

ਓਸ਼ਾਵਾ ਪਲਾਂਟ ਦੇ ਬੰਦ ਹੋਣ ਦੀ ਸੂਰਤ ਵਿੱਚ 2500 ਤੋਂ 3000 ਵਰਕਰਾਂ ਦੀਆਂ ਜੌਬਾਂ ਦਾ ਚਲੇ ਜਾਣਾ ਇੱਕ ਵੱਡਾ ਸੁਆਲ ਹੈ ਜਿਹਨਾਂ ਪ੍ਰਤੀ ਜਵਾਬਦੇਹ ਹੋਣਾ ਸਰਕਾਰ ਦਾ 'ਰਾਜ ਧਰਮ' ਬਣਦਾ ਹੈ। ਨਾਲ ਹੀ ਸਰਕਾਰ ਦਾ ਫਰਜ਼ ਬਣਦਾ ਹੈ ਕਿ ਜੀ ਐਮ ਨੂੰ ਪੁੱਛਿਆ ਜਾਵੇ ਕਿ 2008-09 ਦੇ ਮੰਦੇ ਦੌਰ ਵਿੱਚ ਕੈਨੇਡੀਅਨ ਟੈਕਸ ਅਦਾ-ਕਰਤਾਵਾਂ ਦੇ 14 ਬਿਲੀਅਨ ਡਾਲਰ ਲੈਣ ਤੋਂ ਬਾਅਦ ਕੈਨੇਡਾ ਪ੍ਰਤੀ ਅਹਿਸਾਨ ਜਤਾਉਣ ਦਾ ਕੀ ਤੁਹਾਡਾ ਆਹ ਤਰੀਕਾ ਹੈ?

ਪ੍ਰਧਾਨ ਮੰਤਰੀ ਟਰੂਡੋ ਦਾ ਚੰਗੀਆਂ 2 ਗੱਲਾਂ ਕਰਕੇ ਚੰਗਾ ਦਿਸਣਾ ਸਾਊ ਗੱਲ ਹੋ ਸਕਦੀ ਹੈ ਪਰ ਦੇਸ਼ ਦੇ ਹਿੱਤਾਂ ਵਾਸਤੇ 'ਕਰੜੀਆਂ ਗੱਲਾਂ ਕਰਨੀਆਂ ਅਤੇ ਕਰੜੇ ਫੈਸਲੇ ਲੈਣਾ' ਹੋਰ ਵੀ ਚੰਗੀ ਗੱਲ ਹੈ। ਅਜਿਹੇ ਹਾਲਾਤਾਂ ਵਿੱਚ ਦੇਸ਼ ਨੂੰ 'ਬਹੁਤੇ ਸਾਊ' ਦੀ ਥਾਂ ਟਰੰਪ ਵਰਗੇ ਇੱਕ ਅਜਿਹੇ 'ਗਲਤ ਆਦਮੀ' ਦੀ ਲੋੜ ਹੈ ਜੋ ਆਰਥਕਤਾ ਅਤੇ ਵਰਕਰਾਂ ਲਈ ਕੁੱਝ ਚੰਗਾ ਕਰ ਸਕੇ।

## ਗਾਲਟ, ਕੈਲੀਫੋਰਨੀਆ ਤੋਂ ਪ੍ਰਗਟ ਸਿੰਘ ਸੰਧੂ ਕੌਂਸਲ ਮੈਬਰ ਚੁਣੇ ਗਏ

ਸੈਕਰਾਮੈਂਟੋ, ਕੈਲੀਫੋਰਨੀਆ, 27 ਨਵੰਬਰ (ਹੁਸਨ ਲੜੋਆ ਬੰਗਾ)- ਕੈਲੀਫੋਰਨੀਆ ਦੇ ਗਾਲਟ ਸ਼ਹਿਰ ਦੀਆਂ ਕੌਂਸਲ ਚੋਣਾਂ ਦੌਰਾਨ ਸਥਾਨਕ ਭਾਈਚਾਰੇ ਵਿਚ ਮੁਕਾਮ ਰੱਖਣ ਵਾਲੇ ਪ੍ਰਗਟ ਸਿੰਘ ਸੰਧੂ ਉਰਫ਼ ਪਾਲ ਸੰਧੂ ਜੇਤੂ ਰਹੇ। ਮੌਜੂਦਾ ਸਮੇਂ ਵਿਚ ਗਾਲਟ ਸਿਟੀ ਦੇ ਪਲਾਨਿੰਗ ਕਮਿਸ਼ਨਰ ਹਨ। ਉਹ ਕਰੀਬ 24 ਸਾਲ ਤੋਂ ਗਾਲਟ ਸ਼ਹਿਰ ਵਿਚ ਆਪਣੀ ਪਤਨੀ ਅਮਰਜੀਤ ਸੰਧੂ ਤੇ ਬੱਚਿਆਂ ਨਾਲ ਰਹਿ ਰਹੇ ਹਨ। ਅੱਜ ਕੱਲ੍ਹ ਉਹ ਅਮਰੀਕਾ ਦੇ ਬਿਹਤਰੀਨ ਮੰਨੇ ਜਾਂਦੇ ਹੋਟਲ ਬੈਸਟ ਵੈਸਟਰਨ ਦੇ ਮਾਲਕ ਹਨ। ਪ੍ਰਗਟ ਸਿੰਘ ਸੰਧੂ ਸੈਕਰਾਮੈਂਟੋ ਦੇ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਦੇ ਪ੍ਰਧਾਨ ਹਨ। ਚੋਣ ਜਿੱਤਣ ਮਗਰੋ ਪ੍ਰਗਟ ਸਿੰਘ ਸੰਧੂ ਨੇ ਕਿਹਾ ਕਿ ਉਹ ਕੌਂਸਲ ਮੈਬਰ ਚੁਣੇ ਜਾਣ ਤੋ ਬਾਅਦ ਗਾਲਟ ਸ਼ਹਿਰ ਵਾਸੀਆਂ ਦੀ ਪੂਰੀ ਤਨਦੇਹੀ ਨਾਲ ਸੇਵਾ ਕਰਨਗੇ।















## ਅਸਤੀਫਾ ਦੇਣ ਦੇ ਬਾਵਜੂਦ ਬਰੈਂਪਟਨ ਈਸਟ ਤੋਂ ਲਿਬਰਲ ਐਮਪੀ ਬਣੇ ਹੋਏ ਹਨ ਰਾਜ ਗਰੇਵਾਲ

...ਪੰਨਾ 1 ਦਾ ਬਾਕੀ

ਅਸਤੀਫਾ ਦੇਣ ਲਈ ਪਾਰਲੀਆਮੈਂਟਰੀ ਪ੍ਰਕਿਰਿਆ ਅਨੁਸਾਰ ਜਿਹੜਾ ਐਮਪੀ ਅਸਤੀਫਾ ਦੇਣਾ ਚਾਹੁੰਦਾ ਹੈ ਉਸ ਨੂੰ ਜਾਂ ਤਾਂ ਹਾਊਸ ਆਫ ਕਾਮਨਜ਼ ਵਿੱਚ ਇਸ ਸਬੰਧ ਵਿੱਚ ਬਿਆਨ ਦੇਣਾ ਹੁੰਦਾ ਹੈ ਤੇ ਜਾਂ ਫਿਰ ਆਪਣੇ ਅਸਤੀਫੇ ਬਾਰੇ ਲਿਖਤੀ ਤੌਰ ਉੱਤੇ ਸਪੀਕਰ ਨੂੰ ਇਸ ਫੈਸਲੇ ਬਾਰੇ ਦੱਸਣਾ ਹੁੰਦਾ ਹੈ। ਸਬੰਧਤ ਐਮਪੀ ਤੋਂ ਨੋਟਿਸ ਮਿਲਣ ਤੋਂ ਬਾਅਦ ਸਪੀਕਰ ਚੀਫ ਇਲੈਕਟੋਰਲ ਆਫਿਸਰ ਨੂੰ ਇਸ ਬਾਰੇ ਜਾਣਕਾਰੀ ਦਿੰਦੇ ਹਨ। ਜਿਸ ਤੋਂ ਬਾਅਦ ਇਲੈਕਸ਼ਨ ਕੈਨੇਡਾ ਰਸਮੀ ਤੌਰ ਉੱਤੇ ਸੀਟ ਨੂੰ ਖਾਲੀ ਐਲਾਨਦੀ ਹੈ ਤੇ ਜ਼ਿਮਨੀ ਚੋਣ ਲਈ ਰਿੱਟ ਜਾਰੀ ਕਰਦੀ ਹੈ। ਪਰ ਗਰੇਵਾਲ ਵੱਲੋਂ ਇਹ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ ਗਈਆਂ ਜਦੋਂ ਉਨ੍ਹਾਂ ਵੱਲੋਂ ਹੌਲੈਂਡ ਨੂੰ ਦੱਸਿਆ ਗਿਆ।

ਕੰਜ਼ਰਵੇਟਿਵ ਵ੍ਹਿਪ ਮਾਰਕ ਸਟਰਾਹਲ ਤੇ ਐਨਡੀਪੀ ਐਮਪੀ ਨਥਾਨ ਕੁਲਨ ਵੱਲੋਂ ਹਾਊਸ ਆਫ ਕਾਮਨਜ਼ ਦੇ ਸਪੀਕਰ ਜੈੱਫ ਰੀਗਨ ਨੂੰ ਗਰੇਵਾਲ ਦੇ ਅਸਤੀਫੇ ਸਬੰਧੀ ਸਥਿਤੀ ਸਪਸ਼ਟ ਕਰਨ ਲਈ ਆਖਿਆ ਗਿਆ। ਜਿਸ ਦੇ ਉੱਤਰ ਵਜੋਂ ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਉਨ੍ਹਾਂ ਨੂੰ ਕੋਈ ਨੋਟੀਫਿਕੇਸ਼ਨ ਨਹੀਂ ਮਿਲਿਆ ਹੈ।

## ਹੜਤਾਲ ਖ਼ਤਮ ਕਰਨ ਲਈ ਸੈਨੇਟ ਵੱਲੋਂ ਬਿੱਲ ਸੀ-89 ਪਾਸ

...ਪੰਨਾ 1 ਦਾ ਬਾਕੀ

ਇਸੇ ਲਈ ਲਿਬਰਲਾਂ ਨੇ ਪਿਛਲੇ ਹਫਤੇ ਇਸ ਬਿੱਲ ਨੂੰ ਹਾਊਸ ਆਫ ਕਾਮਨਜ਼ ਵਿੱਚ ਛੇਤੀ ਨਾਲ ਪਾਸ ਕਰਵਾਇਆ। ਪਰ ਸੈਨੇਟਰਜ਼ ਨੇ ਸ਼ਨਿੱਚਰਵਾਰ ਨੂੰ ਇਸ ਬਿੱਲ ਉੱਤੇ ਬਹਿਸ ਕਰਨ ਤੋਂ ਪਹਿਲਾਂ ਰੱਖੀ ਗਈ ਖਾਸ ਬੈਠਕ ਵਿੱਚ ਇਸ ਨੂੰ ਥੋੜ੍ਹੀ ਦੇਰ ਹੋਰ ਸਮਾਂ ਦੇਣ ਲਈ ਆਖਿਆ ਗਿਆ ਸੀ ਤਾਂ ਕਿ ਪੋਸਟਲ ਕਾਮਿਆਂ ਨੂੰ ਉਨ੍ਹਾਂ ਦੇ ਹੜਤਾਲ ਦੇ ਹੱਕ ਤੋਂ ਵਾਂਝਿਆਂ ਨਾ ਕੀਤਾ ਜਾਵੇ। ਪਰ ਫਿਰ ਸੋਮਵਾਰ ਨੂੰ ਵਿਸ਼ੇਸ਼ ਬੈਠਕ ਤੋਂ ਬਾਅਦ ਪੰਜ ਘੰਟੇ ਤੋਂ ਵੀ ਵੱਧ ਸਮੇਂ ਤੱਕ ਕੀਤੀ ਬਹਿਸ ਮਗਰੋਂ ਇਸ ਬਿੱਲ ਨੂੰ ਪਾਸ ਕਰ ਦਿੱਤਾ ਗਿਆ।

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.



ਹੰਬਰਵੁਡ ਸੀਨੀਅਰ ਕਲੱਬ ਵਲੋਂ ਹੰਬਰਵੁਡ ਕਮਿਉਨਿਟੀ ਸੈਂਟਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਬੜੀ ਹੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਕਲੱਬ ਦੇ ਚੇਅਰਮੈਨ ਬਚਿੱਤਰ ਸਿੰਘ ਰਾਏ, ਮੀਤ ਪ੍ਰਧਾਨ ਸਰਵਨ ਸਿੰਘ ਹੇਅਰ, ਪ੍ਰੀਤਮ ਸਿੰਘ ਮਾਵੀ, ਕੈਸ਼ੀਅਰ ਡਾ ਅਮਰ ਸਿੰਘ ਤੇ ਹੋਰ ਨੇ ਲੋਕਾਂ ਨੂੰ ਵਧਾਈਆਂ ਦਿੱਤੀਆਂ।

## ਸ਼ਹੀਦ ਕਰਤਾਰ ਸਿੰਘ ਸਰਾਭੇ ਦਾ ਸ਼ਹੀਦੀ ਦਿਨ ਮਨਾਇਆ



(ਬਰੈਂਪਟਨ/ਬਾਸੀ ਹਰਚੰਦ) ਗਦਰ ਲਹਿਰ ਦੇ ਸ਼ਹੀਦਾਂ ਦੇ ਮਹਾਨ ਨਾਇਕ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ ਪੰਜਾਬੀ ਸੱਭਿਆਚਾਰ ਮੰਚ ਵੱਲੋਂ ਗੁਰੂ ਤੇਗ ਬਹਾਦਰ ਖਾਲਸਾ ਸਕੂਲ ਦੇ ਹਾਲ ਵਿੱਚ ਮਨਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਡਾ:ਵਰਿਆਮ ਸਿੰਘ ,ਮੰਚ ਦੇ ਪ੍ਰਧਾਂਨ ਬਲਦੇਵ ਸਿੰਘ ਸਹਿਦੇਵ ,ਪ੍ਰਿੰਸੀਪਲ ਸਰਬਣ ਸਿੰਘ, ਉਘੇ ਸਾਹਿਤਕਾਰ ਪੂਰਨ ਸਿੰਘ ਪਾਂਧੀ ਅਤੇ ਗੁਰਦਿਆ ਸਿੰਘ ਢੱਲਾ ਨੇ ਕੀਤੀ ।ਕਰਤਾਰ ਸਿੰਘ ਸਰਾਭਾ ਨੂੰ ਛੇ ਸਾਥੀਆਂ ਸਮੇਤ 16 ਨਵੰਬਰ 1915 ਨੂੰ 19 ਸਾਲ ਦੀ ਉਮਰ ਵਿੱਚ ਲਹੌਰ ਜੇਲ ਵਿੱਚ ਫਾਸੀ ਦਿਤੀ ਗਈ। ਉਨਹਾਂ ਦਾ ਇਹ ਸ਼ਹੀਦੀ ਦਿਵਸ ਮਨਾਉਣ ਲਈ ਇਸ ਦਿਨ ਤੇ ਬੁਧੀਜੀਵੀਆਂ, ਸਮਾਜਿਕ ਕਾਰਕੁਨਾਂ,ਸੀਨੀਅਰਜ਼ ਦੀਆਂ ਕਲੱਬਾਂ ਦੇ ਸਹਿਯੋਗ ਨਾਲ ਹਾਲ ਵਿੱਚ ਭਰਵੀਂ ਹਾਜ਼ਰੀ ਸੀ।ਇਹ ਗੱਲ ਪਰਤੱਖ ਦਿਸਦੀ ਸੀ ਕਿ ਸ਼ਹੀਦਾਂ ਪ੍ਰਤੀ ਲੋਕਾ ਦੇ ਮਨਾਂ ਵਿੱਚ ਅਥਾਰ ਪਿਆਰ ਤੇ ਸਤਿਕਾਰ ਹੈ ਜਿੰਨਾਂ ਭਾਰਤ ਦੀ ਅਜ਼ਾਦੀ ਦੀ ਲੜਾਈ ਸੁਰੂ ਕੀਤੀ। ਡਾ: ਵਰਿਆਮ ਸਿੰਘ ਸੰਧੂ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਸਮੇਂ ਦੱਸਿਆ ਕਿ ਜਦ ਉਹਨਾਂ ਨੂੰ ਫਾਸੀ ਦੀ ਸਜ਼ਾ ਸੁਣਾਈ ਗਈ ਤਾਂ ਅੰਗਰੇਜ਼ ਹਕੂਮਤ ਦੇ ਮਨ ਵਿੱਚ ਖੌਫ ਸੀ ਕਿ ਇਸ ਨਾਲ ਭਾਰਤ ਵਿੱਚ ਵੱਡੀ ਰੋਸ ਲਹਿਰ ਪੈਦਾ ਹੋ ਜਾਏਗੀ। ਇਸ ਲਈ ਵਾਇਸਰਾਏ ਲਾਰਡ ਹਾਰਡਿੰਗ ਵਿਸ਼ੇਸ਼ ਤੌਰ 'ਤੇ ਪੰਜਾਬ ਆਏ ਅਤੇ ਇਸ ਫੈਸਲੇ ਤੇ ਮੁੜ ਵਿਚਾਰ ਕਰਨ ਲਈ ਕੌਂਸਲ ਬਣਾਈ। ਲ਼ਾਰਡ ਹਾਰਡਿੰਗ ਕਰਤਾਰ ਸਿੰਘ ਦੀ ਸਜ਼ਾ ਬਾਰੇ ਨਰਮ ਗੋਸ਼ਾ ਰੱਖਦਾ ਸੀ ਪਰ ਕੌਂਸਲ ਦੇ ਬਹੁ ਗਿਣਤੀ ਮੈਂਬਰ ਦੀ ਰਾਏ ਸੀ ਕਿ ਇਹ ਸੱਭ ਤੋਂ ਖਤਰਨਾਕ ਹੈ ਜੋ ਗਦਰ ਲਹਿਰ ਦੇ ਛੋਟੇ ਵੱਡੇ ਸੱਭ ਫੈਸਲੇ ਕਰਨ ਵਿੱਚ ਇਹ ਹਰ ਥਾਂ ਮੌਜੁਦ ਪਾਇਆ ਗਿਆ ਹੈ, ਇਹ ਹਰ ਸਾਜਿਸ਼ ਦੇ ਲਈ ਜੁੰਮੇਵਾਰ ਹੈ। ਉਨ੍ਹਾ ਵੱਲੋਂ ਛੇੜੀ ਅਜ਼ਾਦੀ ਦੀ ਚਿਣਗ ਭਾਰਤ ਦੇ ਨੌਜਵਾਨਾਂ ਦੇ ਦਿਲਾਂ ਵਿੱਚ ਭਾਂਬੜ ਬਣ ਕੇ ਮੱਚ ਉੱਠੀ ਜਿਸ ਵਿਚੋਂ ਸ੍ਰ: ਭਗਤ ਸਿੰਘ , ਚੰਦਰ ਸ਼ੇਖਰ, ਰਾਜ ਗੁਰੂ, ਸੁਖਦੇਵ,ਊਧਮ ਸਿੰਘ,ਬੀ ਕੇ ਦੱਤ ਅਤੇ ਹੋਰ ਅਨੇਕਾਂ ਸਿਰ ਲੱਥ ਯੋਧੇ ਪੈਦਾ ਹੋਏ। ਘਰ ਘਰ ਤੱਕ ਅੰਗਰੇਜ਼ਾਂ ਦੇ ਖਿਲਾਫ ਨਫਰਤ ਫੈਲ ਗਈ। ਅੰਤ ਉਹਨਾਂ ਨੂੰ ਭਾਰਤ ਛੱਡਣਾ ਪੈ ਗਿਆ।

ਮੰਚ ਦੇ ਪ੍ਰਧਾਨ ਬਲਦੇਵ ਸਿੰਘ ਸਹਿਦੇਵ ਨੇ ਇਹਨਾਂ ਲਹਿਰਾਂ ਦੇ ਉਪਜਣ ਦੇ ਪਿਛੋਕੜ ਬੇਇਨਸਾਫੀ, ਗੈਰਮੁਲਕੀ ਹਕੂਮਤਾਂ ਦੁਆਰਾ ਲੁਟ ਖਸੁਟ, ਜ਼ੁਲਮ ਕਰਨ ਆਦਿ ਜਿਹੇ ਕਾਰਨ ਦੱਸੇ । ਉਹਨਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਸਾਥੀਆਂ ਦੀਆਂ ਕੁਰਬਾਨੀਆਂ ਬਾਰੇ, ਉਹਨਾਂ ਦੇ ਆਦਰਸ਼ਾਂ ਬਾਰੇ ਅਤੇ ਦੇਸ ਦੇ ਅਜੋਕੇ ਬਦਤਰ ਹਲਾਤਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ।ਲੋਕਾਂ ਨੂੰ ਸੁਨੇਹਾ ਦਿੱਤਾ ਕਿ ਦੇਸ ਨੂੰ ਦਰਪੇਸ਼ ਚੁਨੌਤੀਆਂ ਦਾ ਸਾਹਮਣਾ ਕਰਨ ਲਈ ਸੁਚੇਤ ਹੋ ਕੇ ਸਰਗਰਮੀਆਂ ਕਰਨੀਆਂ ਲੋੜੀਦੀਆਂ ਹਨ। ਉਹ ਗਦਰੀ ਬਾਬੇ ਆਪਣਾ ਸੱਭ ਕੁੱਝ ਛੱਡ ਕੇ ਬਾਹਰੋਂ ਜਾ ਕੇ ਸਾਡੇ ਲਈ ਲੜੇ। ਸਾਡਾ ਵੀ ਫਰਜ਼ ਬਣਦਾ ਹੈ ਉਹਨਾਂ ਦੇ ਭਾਰਤੀ ਲੋਕਾਂ ਦੀ ਬਿਹਤਰੀ ਦੇ ਲਏ ਸੁਪਨਿਆਂ ਨੂੰ ਪੂਰਾ ਕਰਨ ਵਿੱਚ ਦੇਸ ਵਿੱਚ ਚਰਚਾ ਛੇੜੀਏ। ਬਲਦੇਵ ਸਿੰਘ ਸਹਿਦੇਵ ਨੇ ਆਪਣੇ ਭਾਸ਼ਨ ਵਿੱਚ ਕਿਹਾ ਕਿ ਅੱਜ ਵੀ ਭਾਰਤ ਵਿੱਚ ਉਵੇਂ ਹੀ ਨਾ ਬਰਾਬਰੀ, ਬੇਇਨਸਾਫੀ, ਭ੍ਰਿਸ਼ਟਾਚਾਰੀ, ਬੇਈਮਾਨੀ ਜੋਰਾਂ ਤੇ ਹੈ ਜਿਸ ਨੇ ਆਮ ਲੋਕਾਂ ਦਾ ਜੀਣਾ ਦੁਭਰ ਕੀਤਾ ਹੈ। ਇਸ ਖਿਲਾਫ ਲੜਣਾ ਸ਼ਹੀਦਾਂ ਨੂੰ ਸੱਚੀ ਸ਼ਰਧਾਜਲੀ ਹੋਵੇਗੀ। ਨਾਹਰ ਸਿੰਘ ਔਝਲਾ ਨੇ ਬਰੈਂਪਟਨ ਦੀਆਂ ਸਮੱਸਿਆਵਾਂ ਯੁਨੀਵਰਸਿਟੀ ਤੋਂ ਸਰਕਾਰ ਦਾ ਮੁਕਰ ਜਾਣਾ, ਵਧਦੀ ਅਬਾਦੀ ਲਈ ਹਸਪਤਾਲ ਅਤੇ ਮਿਨੀਮਮ ਵੇਜ ਫਰੀਜ਼ ਕਰਨੇ ਚਿੰਤਾ ਦਾ ਵਿਸ਼ਾ ਹੈ। ਪਿੰਸੀਪਲ ਸਰਬਣ ਸਿੰਘ, ਹਰਚੰਦ ਸਿੰਘ ਬਾਸੀ, ਪ੍ਰੋ: ਜਗੀਰ ਸਿੰਘ ਕਾਹਲੋਂ ਨੇ ਵੀ ਵਿਚਾਰ ਚਰਚਾ ਵਿੱਚ ਹਿਸਾ ਲਿਆ। ਕੁੰਢਾ ਸਿੰਘ ਢਿਲੋਂ ਅਤੇ ਕਿਰਪਾਲ ਰਿਸ਼ੀ,ਸੁਰਿੰਦਰ ਸਿੰਘ ਪਾਮਾ ਨੇ ਸਬੰਧਤ ਕਵਿਤਾਵਾਂ ਪੜੀਆਂ।

ਹੋਰ ਬੁਲਾਰੇ ਪ੍ਰਿੰਸੀਪਲ ਸੰਜੀਵ ਧਵਨ, ਗੁਰਦੇਵ ਸਿੰਘ ਮਾਨ, ਪੂਰਨ ਸਿੰਘ ਪਾਂਧੀ, ਡਾ: ਸੁਖਦੇਵ ਸਿੰਘ ਝੰਡ, ਸੁਰਿੰਦਰ ਸਿੰਘ ਪਾਮਾ, ਅੰਮ੍ਰਿਤ ਢਿਲੋਂ ਨੇ ਹਾਜਰੀ ਲਵਾਈ। ਹੋਰਨਾਂ ਸਮੇਤ ਹਰਿੰਦਰ ਸਿੰਘ ਮੱਲੀ, ਪਰਵੇਸ਼ ਸਿੰਘ ਕੰਗ, ਗੁਰਬਚਨ ਸਿੰਘ, ਨਿਰਮਲ ਸਿੰਘ ਸੀਰਾ। ਪਰਮਜੀਤ ਸਿੰਘ ਬੈਂਸ, ਲਾਲ ਸਿੰਘ ਚਾਹਲ, ਸਰਜਿੰਦਰ ਸਿੰਘ, ਹਰਿੰਦਰ ਤੱਖੜ ਕੁਲਜੀਤ ਸਿੰਘ ਜੰਜੂਆ, ਪਿਆਰਾ ਸਿੰਘ ਕੁਦੋਵਾਲ ਸਮੇਤ ਚੋਖੀ ਗਿਣਤੀ ਵਿੱਚ ਲੋਕ ਸਮਾਗਮ ਵਿੱਚ ਪਹੁੰਚੇ ਸਨ। ਚਾਹ ਪਾਣੀ ਦੀ ਸੇਵਾ ਕਾਮਰੇਡ ਸੁਖਦੇਵ ਧਾਲੀਵਾਲ ਦੇ ਪਰਿਵਾਰ ਨੂੰ ਬਹੁਤ ਹੀ ਖੁੱਲ੍ਹੇ ਦਿਲ ਨਾਲ ਕੀਤੀ






# ਮਿੰਨੀ ਕਹਾਣੀਆਂ

## ਰੋਟੀ
–ਹਰਮਿੰਦਰ ਸਿੰਘ ਭੱਟ

ਅਨਾਥ ਗਰੀਬ ਦਾਸ, ਜੋ 12 ਸਾਲ ਵਿੱਚ ਹੀ ਆਪਣੀ ਉਮਰ ਨਾਲੋਂ ਵੱਧ ਸਿਆਣਾ ਸੀ, ਨੂੰ ਉਸ ਦੀ ਜ਼ਮੀਰ ਨੇ ਭੁੱਖ ਮਿਟਾਉਣ ਲਈ ਛੋਟੀ ਉਮਰ ਵਿੱਚ ਮੰਗ ਕੇ ਨਾ ਖਾਣ ਤੇ ਦਿਹਾੜੀ ਜੋਤਾ ਕਰ ਕੇ ਢਿੱਡ ਭਰਨਾ ਸਿਖਾ ਦਿੱਤਾ ਸੀ।

...ਪਰ ਇਹ ਜ਼ਾਲਮ ਦੁਨੀਆ ਵੀ ਦੇਖੋ, ਗਰੀਬ ਦਾਸ ਚਾਰ ਦਿਨਾਂ ਤੋਂ ਭੁੱਖਣ ਭਾਣੇ ਕੰਮ ਤੇ ਭੋਜਨ ਦੀ ਭਾਲ ਵਿੱਚ ਇੱਕ ਰੇਹੜੀ ਵਾਲੇ ਕੋਲ ਜਾ ਪੁੱਜਾ। ਰੇਹੜੀ ਵਾਲੇ ਦਾ ਮੁੰਡਾ ਕੰਮ ’ਤੇ ਨਾ ਆਇਆ ਹੋਣ ਕਰ ਕੇ ਉਸ ਨੇ ਗਰੀਬ ਦਾਸ ਨੂੰ ਸਾਰਾ ਦਿਨ ਭਾਂਡੇ ਧੋਣ ਬਦਲੇ ਖਾਣਾ ਦੇਣ ਦਾ ਲਾਲਚ ਦਿੱਤਾ। ਗਰੀਬ ਦਾਸ ਖੁਸ਼ ਸੀ ਕਿ ਉਹ ਬੜੇ ਦਿਨਾਂ ਬਾਅਦ ਅੱਜ ਮਿਹਨਤ ਦੀ ਰੋਟੀ ਖਾਣ ਜਾ ਰਿਹਾ ਹੈ। ਜਦੋਂ ਰੇਹੜੀ ਵਾਲੇ ਨੇ ਜਾਣ ਦੀ ਤਿਆਰੀ ਕੀਤੀ ਤਾਂ ਗਰੀਬ ਦਾਸ ਨੇ ਆਪਣੀ ਰੋਟੀ ਬਾਰੇ ਪੁੱਛਿਆ।

ਦੁਕਾਨਦਾਰ ਹੱਸਦਿਆਂ ਆਖਣ ਲੱਗਾ ਕਿ ‘‘ਲੈ ਜੇ ਤੇਰੇ ਹੱਥ ਇਸ ਪਲੇਟ ਤੱਕ ਪਹੁੰਚ ਗਿਆ ਤਾਂ ਖਾਣਾ ਤੇਰਾ, ਨਹੀਂ ਤਾਂ ਨਹੀਂ...।’’ ਏਨਾ ਸੁਣ ਕੇ ਗਰੀਬ ਦਾਸ ਰੋਟੀ ਲੈਣ ਇੱਕ ਵਾਰ ਫਿਰ ਤੋਂ ਤਰਲੇ ਲੈਣ ਲੱਗ ਪਿਆ।

## ਵੱਡੀ ਰਕਮ
–ਕੁਲਵਿੰਦਰ ਕੰਗ

ਉਹ ਕਈ ਦਿਨਾਂ ਤੋਂ ਮੰਜੇ ਉੱਤੇ ਬਿਮਾਰ ਪਈ ਸੀ। ਉਹ ਰੋਜ਼ ਆਪਣੇ ਮੁੰਡਿਆਂ ਨੂੰ ਦਵਾਈ ਦਿਵਾਉਣ ਲਈ ਕਹਿੰਦੀ, ਪਰ ਕੋਈ ਉਸ ਦੀ ਗੱਲ ਨੂੰ ਗੌਲਦਾ ਵੀ ਨਾ। ਅੱਜ ਫਿਰ ਉਸ ਨੇ ਹੌਸਲਾ ਜਿਹਾ ਕਰ ਕੇ ਆਪਣੇ ਵੱਡੇ ਮੁੰਡੇ ਦੀਪੇ ਨੂੰ ਕਿਹਾ, ‘ਵੇ ਦੀਪਿਆ! ਮੈਂ ਕਿੱਦਣ ਦਾ ਤੈਨੂੰ ਦਵਾਈ ਨੂੰ ਕਿਹਾ ਵਾ, ਹੁਣ ਤਾਂ ਤੇਰੀ ਤਨਖਾਹ ਵੀ ਆ ਗਈ ਏ।’

ਉਸ ਦੀ ਕਹੀ ਗੱਲ ਸੁਣ ਕੇ ਦੀਪਾ ਆਪਣੇ ਮੰਜੇ ਤੋਂ ਉਠ ਕੇ ਉਸ ਦੇ ਨੇੜੇ ਹੋ ਕੇ ਉਸ ਨੂੰ ਗੁੱਸੇ ਵਿੱਚ ਖਾਣ ਨੂੰ ਪਿਆ, ‘‘ਲੈ ਤਾਂ, ਤੂੰ ਹੁਣ ਕਹਿਨੀ ਏਂ ਕਿ ਸਾਰੀ ਤਨਖਾਹ ਨਾਲ ਤੇਰਾ ਦਵਾਈਆਂ ਦਾ ਬੱਬਰ (ਢਿੱਡ) ਭਰ ਦਈਏ। ਘਰਾਂ ਵਿੱਚ ਸੌ ਜ਼ਰੂਰੀ ਕੰਮ ਹੁੰਦੇ ਨੇ।’’

ਅਚਾਨਕ ਉਸ ਦੇ ਫੋਨ ਦੀ ਘੰਟੀ ਵੱਜੀ ਤੇ ਉਹ ਆਪਣੀ ਗੱਲ ਕਹਿੰਦਾ ਕਹਿੰਦਾ ਰੁਕ ਗਿਆ। ਦੀਪਾ ਉਸ ਵੱਲ ਕੌੜੀਆਂ ਕੌੜੀਆਂ ਅੱਖਾਂ ਨਾਲ ਇੰਝ ਝਾਕ ਰਿਹਾ ਸੀ, ਜਿਵੇਂ ਅਜੇ ਉਸ ਦੇ ਦਿਲ ਦੀ ਭੜਾਸ ਚੰਗੀ ਤਰ੍ਹਾਂ ਨਿਕਲੀ ਨਾ ਹੋਵੇ। ਫੋਨ ਸੁਣ ਕੇ ਉਸ ਨੇ ਘਰੋਂ ਬਾਹਰ ਜਾਣ ਲੱਗੇ ਨੇ ਆਪਣੀ ਪਤਨੀ ਨੂੰ ਕਿਹਾ, ‘ਮੈਂ ਰਾਤ ਨੂੰ ਥੋੜ੍ਹਾ ਲੇਟ ਆਵਾਂਗਾ, ਮੈਨੂੰ ਨਾ ਉਡੀਕਿਓ, ਯਾਰਾਂ ਨੂੰ ਪਾਰਟੀ ਕਰਨਾ, ਹਜ਼ਾਰ-ਪੰਜ ਸੌ ਲੱਗ ਵੀ ਗਿਆ ਤਾਂ ਕੀ ਹੋ ਜਾਊ, ਯਾਰਾਂ ਮਿੱਤਰਾਂ ਤੀਕ ਸੌ ਕੰਮ ਪੈ ਜਾਂਦੈ।’’ ਇਹ ਕਹਿੰਦਾ ਕਹਿੰਦਾ ਉਹ ਨਿਕਲ ਗਿਆ।

ਉਸ ਨੇ ਆਪਣੇ ਦੋਸਤਾਂ ਦੀ ਪਾਰਟੀ ਲਈ ਹਜ਼ਾਰ ਪੰਜ ਸੌ ਲਾਉਣਾ ਕੋਈ ਵੱਡੀ ਰਕਮ ਨਹੀਂ ਜਾਪਦੀ ਸੀ, ਪਰ ਆਪਣੀ ਮਾਂ ਦੀ ਦਵਾਈ ਤੇ ਲੱਗਣ ਵਾਲੇ ਦੋ-ਤਿੰਨ ਸੌ ਬਹੁਤ ਵੱਡੀ ਰਕਮ ਲੱਗ ਰਹੀ ਸੀ।

## ਗਲਤੀ
–ਸੁਖਵੀਰ ਸਿੰਘ

ਸਕੂਲ ਵਿੱਚ ਤੇ ਕਾਲਜ ਵਿੱਚ ਵੀ ਜਗਰਾਤ ਮੇਰੇ ਨਾਲ ਪੜ੍ਹਿਆ ਸੀ। ਉਸ ਨੇ ਹਮੇਸ਼ਾ ਆਖਰੀ ਕਤਾਰ ਦੀਆਂ ਕੁਰਸੀਆਂ 'ਤੇ ਬੈਠਣਾ ਅਤੇ ਮੈਂ ਵੀ ਨਾਲ ਹੀ। ਅਧਿਆਪਕ ਦੇ ਜਮਾਤ ਵਿੱਚ ਦਾਖਲ ਹੋਣ 'ਤੇ ਬਹੁਤੀ ਵਾਰ ਉਸ ਨੇ ਸਤਿਕਾਰ ਵਜੋਂ ਖੜਾ ਨਾ ਹੋਣਾ। ਮੇਰੇ ਪੁੱਛਣ ਉੱਤੇ ਉਸ ਦਾ ਜਵਾਬ ਹੁੰਦਾ, ‘ਪਿੱਛੇ ਕਿਹੜਾ ਦਿਖਦਾ ਐ।'

ਸਿਰਫ ਇਕ ਦਿਨ ਮੈਂ ਵੀ ਉਸ ਦੀ ਰੀਸ ਨਾਲ ਖੜਾ ਨਾ ਹੋਇਆ। ਅਧਿਆਪਕ ਬਣਿਆਂ ਹੁਣ ਮੈਨੂੰ ਤਕਰੀਬਨ ਦਸ ਸਾਲ ਹੋ ਚੁੱਕੇ ਹਨ। ਜਮਾਤ ਦੇ ਪਿਛਲੀ ਕਤਾਰ ਦੇ ਬੱਚੇ ਮੈਨੂੰ ਹਰ ਰੋਜ਼ ਅਹਿਸਾਸ ਕਰਵਾ ਦਿੰਦੇ ਹਨ ਕਿ ਮੈਂ ਉਸ ਦਿਨ ਕੀ ਗਲਤੀ ਕੀਤੀ ਸੀ।

## ਅਨੋਖੀ ਸਜ਼ਾ
–ਅਮਰੀਕ ਸਿੰਘ ਤਲਵੰਡੀ ਕਲਾਂ

ਬੋਰਡ ਦੀ ਪ੍ਰੀਖਿਆ ਵਿੱਚ ਉਡਣ ਦਸਤੇ ਨੇ ਅਚਾਨਕ ਇਕ ਕੇਂਦਰ ਵਿੱਚ ਛਾਪਾ ਮਾਰਿਆ। ਸੁਪਰਵਾਈਜ਼ਰ ਪੂਰੇ ਜ਼ੋਰ ਸ਼ੋਰ ਨਾਲ ਬੱਚਿਆਂ ਨੂੰ ਨਕਲ ਕਰਵਾ ਰਿਹਾ ਸੀ। ਉਡਣ ਦਸਤੇ ਨੇ ਬੱਚਿਆਂ ਸਾਹਮਣੇ ਹੀ ਉਸ ਅਧਿਆਪਕ ਦੀ ਚੰਗੀ ਲਾਹ ਪਾਹ ਕਰਦਿਆਂ ਆਖਿਆ, ‘ਜਿਨ੍ਹਾਂ ਬੱਚਿਆਂ ਦੀ ਖਾਤਰ ਤੂੰ ਆਪਣੀ ਨੌਕਰੀ ਦਾਅ 'ਤੇ ਲਾਈ ਹੋਈ ਹੈ, ਇਹ ਪ੍ਰੀਖਿਆ ਤਾਂ ਭਾਵੇਂ ਪਾਸ ਕਰ ਜਾਣ, ਪਰ ਜ਼ਿੰਦਗੀ ਵਿੱਚੋਂ ਬੁਰੀ ਤਰ੍ਹਾਂ ਫੇਲ੍ਹ ਹੋ ਜਾਣਗੇ। ਤੂੰ ਆਪਣੀ ਜ਼ਿੰਦਗੀ ਦੇ ਇਮਤਿਹਾਨ ਵਿੱਚੋਂ ਅੱਜ ਹੀ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕਾ ਹੈ। ਨਾ ਤਾਂ ਤੂੰ ਇਕ ਅਧਿਆਪਕ ਦੇ ਤੌਰ 'ਤੇ ਪਾਸ ਏਂ, ਨਾ ਹੀ ਇਕ ਸੁਪਰਵਾਈਜ਼ਰ ਦੇ ਤੌਰ 'ਤੇ ਪਾਸ ਹੈਂ। ਤੈਨੂੰ ਤਾਂ ਇਕ ਇਨਸਾਨ ਸਮਝਣਾ ਵੀ ਮੂਰਖਤਾ ਹੈ।'

ਹੁਣ ਲੰਬਾ ਸਮਾਂ ਬੀਤ ਜਾਣ 'ਤੇ ਵੀ ਜਦੋਂ ਉਸ ਨੂੰ ਉਡਣ ਦਸਤੇ ਦੇ ਕਹੇ ਇਹ ਬੋਲ ਯਾਦ ਆ ਜਾਂਦੇ ਹਨ ਤਾਂ ਉਸ ਨੂੰ ਕੰਬਣੀ ਜਿਹੜੀ ਛਿੜ ਜਾਂਦੀ ਹੈ ਅਤੇ ਕੱਚੀ ਤ੍ਰੇਲੀ ਆ ਜਾਂਦੀ ਹੈ। ਉਹ ਲੰਬਾ ਹਉਕਾ ਲੈ ਕੇ ਸੋਚਦਾ ਹੈ ਕਿ ਅਜਿਹੀ ਅਨੋਖੀ ਸਜ਼ਾ ਨਾਲੋਂ ਤਾਂ ਮੈਨੂੰ ਸਸਪੈਂਡ ਹੀ ਕਰ ਜਾਂਦੇ, ਆਪੇ ਸਮਾਂ ਪਾ ਕੇ ਬਹਾਲ ਹੋ ਜਾਂਦਾ, ਨਾ ਵੀ ਹੁੰਦਾ ਤਾਂ ਫਿਰ ਵੀ ਮੈਂ ਹੁਣ ਨਾਲੋਂ ਸੌ ਦਰਜੇ ਸੌਖਾ ਰਹਿਣਾ ਸੀ।

## ਅਸਲੀ ਮੰਗ
–ਬਿੰਦਰ ਸਿੰਘ ਖੁੱਡੀ ਕਲਾਂ

ਪਿੰਡ ਦੇ ਲੋਕ ਅੱਜ ਫੇਰ ਪਿੱਪਲ ਵਾਲੇ ਚੌਂਤਰੇ ਵੱਲੋਂ ਆਟੇ ਦੀਆਂ ਥੈਲੀਆਂ ਚੁੱਕੀ ਆ ਰਹੇ ਸਨ। ਮੈਂ ਸੋਚ ਰਿਹਾ ਸੀ ਕਿ ਆਖਰ ਕਦੋਂ ਇਹ ਭੋਲੇ ਭਾਲੇ ਲੋਕ ਆਟੇ ਦਾਲ ਦੀ ਮੰਗ ਦੇ ਚੱਕਰ ਵਿੱਚੋਂ ਨਿਕਲ ਕੇ ਸਾਫ, ਸਪੱਸ਼ਟ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੀ ਅਸਲੀ ਮੰਗ ਕਰਨਗੇ। ਨਾਜ਼ਰ ਦੇ ਕਹੇ ਸ਼ਬਦਾਂ ‘ਬਾਈ ਵਾਹਲਾ ਨਾ ਸੋਚਿਆ ਕਰ, ਦੋ ਮਹੀਨੇ ਤਾਂ ਨਜ਼ਾਰੇ ਲੈ' ਨੇ ਮੇਰੀ ਸੋਚਾਂ ਦੀ ਲੜੀ ਤੋੜ ਦਿੱਤੀ ਅਤੇ ਮੈਂ ਚੱਕਵੇਂ ਪੈਰੀਂ ਘਰ ਨੂੰ ਹੋ ਤੁਰਿਆ।

## ਹਲਕਾ ਫੁਲਕਾ



ਰਮੇਸ਼, ‘‘ਸਾਹਮਣੇ ਵਾਲੇ ਮਕਾਨ ਵਿੱਚ ਇੱਕ ਲੜਕੀ ਹਰ ਰੋਜ਼ ਖਿੜਕੀ ਵਿੱਚੋਂ ਰੁਮਾਲ ਹਿਲਾਉਂਦੀ ਹੈ, ਪਰ ਖਿੜਕੀ ਦਾ ਸ਼ੀਸ਼ਾ ਕਦੇ ਨਹੀਂ ਖੋਲ੍ਹਦੀ।’’

ਰਮੇਸ਼, ‘‘ਬੇਵਕੂਫ ਨਾ ਬਣ, ਉਹ ਤੈਨੂੰ ਦੇਖ ਕੇ ਰੁਮਾਲ ਨਹੀਂ ਹਿਲਾਉਂਦੀ, ਉਹ ਇਸ ਘਰ ਦੀ ਨੌਕਰਾਣੀ ਹੈ, ਜੋ ਰੋਜ਼ ਖਿੜਕੀ ਦੇ ਸ਼ੀਸ਼ੇ ਸਾਫ ਕਰਦੀ ਹੈ।’’

********

ਪਤੀ (ਗੁੱਸੇ ਨਾਲ), ‘‘ਕੀ ਤੁਸੀਂ ਮੈਨੂੰ ਕੁੱਤਾ ਕਿਹਾ?’’

ਪਤਨੀ ਨੇ ਕੋਈ ਜਵਾਬ ਨਹੀਂ ਦਿੱਤਾ। ਪਤੀ ਨੇ ਦੋਬਾਰਾ ਪੁੱਛਿਆ, ਪਰ ਫਿਰ ਵੀ ਪਤਨੀ ਨੇ ਕੋਈ ਜਵਾਬ ਨਹੀਂ ਦਿੱਤਾ।

ਤੀਸਰੀ ਵਾਰ ਪੁੱਛਣ 'ਤੇ ਪਤਨੀ ਚੀਕ ਕੇ ਬੋਲੀ, ‘‘ਮੈਂ ਤੁਹਾਨੂੰ ਕੁੱਤਾ ਨਹੀਂ ਕਿਹਾ, ਪਰ ਹੁਣ ਭੌਂਕਣਾ ਬੰਦ ਕਰੋ।’’

********

ਰਮਨ (ਚਮਨ ਨੂੰ), ‘‘ਇੱਕ ਭਿਖਾਰੀ ਦੀ ਲਾਟਰੀ ਲੱਗੀ ਤਾਂ ਉਸ ਨੇ ਇੱਕ ਮੰਦਰ ਬਣਵਾਇਆ। ਦੱਸੋ ਕਿਉਂ?''

ਚਮਨ, ‘‘ਪੂਜਾ ਲਈ, ਹੋਰ ਕੀ।’’

ਰਮਨ, ‘‘ਨਹੀਂ ਯਾਰ। ਉਹ ਇਸ ਲਈ ਤਾਂ ਕਿ ਮੰਦਰ ਸਾਹਮਣੇ ਉਹ ਇਕੱਲਾ ਭੀਖ ਮੰਗ ਸਕੇ ਅਤੇ ਸਾਰੇ ਪੈਸੇ ਉਸੇ ਦੇ ਹੋਣ।’’

********

ਪਤਨੀ, ‘‘ਮੈਂ ਅੱਜ ਸੁਫਨੇ ਵਿੱਚ ਦੇਖਿਆ ਕਿ ਤੁਸੀਂ ਮੇਰੇ ਲਈ ਹੀਰਿਆਂ ਦਾ ਹਾਰ ਲਿਆਏ ਹੋ, ਇਸ ਸੁਫਨੇ ਦਾ ਕੀ ਮਤਲਬ ਹੈ?’’

ਪਤੀ, ‘‘ਅੱਜ ਸ਼ਾਮ ਨੂੰ ਦੱਸਾਂਗਾ।’’

ਸ਼ਾਮ ਨੂੰ ਪਤੀ ਨੇ ਇੱਕ ਪੈਕੇਟ ਪਤਨੀ ਨੂੰ ਲਿਆ ਕੇ ਦਿੱਤਾ। ਉਸ ਨੇ ਖੁਸ਼ੀ-ਖੁਸ਼ੀ ਪੈਕੇਟ ਖੋਲ੍ਹਿਆ ਤਾਂ ਉਸ ਵਿੱਚੋਂ ਇੱਕ ਕਿਤਾਬ ਨਿਕਲੀ, ਜਿਸ ਦਾ ਸਿਰਲੇਖ ਸੀ-ਸੁਫਨਿਆਂ ਦਾ ਮਤਲਬ।’’

# ਇਵੇਂ ਬਣਦਾ ਸੀ ਖੂਹ
–ਜੋਧ ਸਿੰਘ ਮੋਗਾ



ਕੁਝ ਦਿਨ ਪਹਿਲਾਂ ਮੋਹਨ ਸਿੰਘ ਦੇ ‘ਸਾਵੇ ਪੱਤਰ' ਹੱਥ ਲੱਗੇ, ਵਰਕੇ ਫਰੋਲੇ, ਸਕੂਲ ਸਮੇਂ ਦੀ ਜ਼ੁਬਾਨੀ ਯਾਦ ਕੀਤੀ ਕਵਿਤਾ ਜੋ ਅੱਜ ਵੀ ਯਾਦ ਹੈ ਪੜ੍ਹੀ:

ਇਹ ਗਾਧੀ ਬਣੀ ਨਵਾਰੀ
ਅੱਗੇ ਵਗਦਾ ਬਲਦ ਹਜ਼ਾਰੀ
ਕਰ ਇਸ ਉਤੇ ਅਸਵਾਰੀ
ਭੁੱਲ ਜਾਵਣ ਦੋਵੇਂ ਜੱਗ ਨੀਂ
ਸਾਡੇ ਖੂਹ 'ਤੇ ਵਸਦਾ ਰੱਬ ਨੀਂ।

ਨਾਲ ਹੀ ਗਾਧੀ ਦੀ ਸਵਰਗੀ ਝੂਟੇ ਜਿਹੇ ਆਏ, ਸਿਤਾਰਿਆਂ ਜੜੇ ਈਨੂੰ ਵੀ ਦਿੱਸੇ, ਰੀਂ-ਰੀਂ ਵਾਂ-ਵਾਂ ਦੀ ਮਿੱਠੀ ਲੈਅ ਕੰਨੀਂ ਪਈ ਅਤੇ ਪੁਰਾਣੇ ਸਵਰਗ ਵਿੱਚ ਪਹੁੰਚ ਗਿਆ। ਉਸ ਸਮੇਂ ਦੇ ਖੂਹ ਨਾਲ ਜੁੜੇ ਸ਼ਬਦ ਚੇਤੇ ਆਏ, ਜੋ ਨਵੀਂ ਪੀੜ੍ਹੀ ਨੂੰ ਅਜੀਬ ਹੀ ਲੱਗਣਗੇ ਜਿਵੇਂ ਹਲਟ, ਗਾਧੀ, ਟਿੰਡਾਂ, ਮਾਹਲ, ਖੋਪੇ, ਲਾਸ, ਪਾੜਛਾ, ਦੁਬੱਚਾ, ਔਲੂ, ਖਾਲ੍ਹ, ਕੁੱਤਾ, ਚਕਰੀਆਂ, ਮੌਣ, ਚੱਕ ਆਦਿ। ਚੱਕ ਦਾ ਸ਼ਬਦ ਮੈਨੂੰ ਚੁੱਕ ਕੇ ਫੇਰ ਅੱਸੀ ਸਾਲ ਪਿੱਛੇ ਲੈ ਗਿਆ ਜਦੋਂ ਅਸੀਂ ਆਪਣੀ ਪੈਲੀ ਵਿੱਚ ਖੂਹ ਲਗਵਾਇਆ ਸੀ।

ਉਸ ਸਮੇਂ ਖੂਹ ਕਿਤੇ-ਕਿਤੇ ਹੀ ਸਨ। ਜ਼ਮੀਨਾਂ ਖੁੱਲ੍ਹੀਆਂ ਅਤੇ ਮਾਰੂ ਹੁੰਦੀਆਂ ਸਨ। ਰੱਬ ਦੀ ਕਿਰਪਾ ਨਾਲ ਜਵਾਰ, ਬਾਜਰਾ, ਗੁਆਰਾ, ਛੋਲੇ ਤੇ ਖਾਣ ਜੋਗੀ ਕਣਕ ਹੋ ਜਾਂਦੀ ਸੀ। ਪਾਣੀ ਬੜਾ ਨੇੜੇ ਸੀ, ਪਰਨੇ ਨਾਲ ਕਰਮੰਡਲ ਬੰਨ੍ਹ ਕੇ ਪਾਣੀ ਪੀ ਲਈਦਾ ਸੀ। ਸਾਡੇ ਬਜ਼ੁਰਗਾਂ ਨੇ ਵੀ ਖੂਹ ਲਵਾਉਣ ਦਾ ਫੈਸਲਾ ਕਰ ਲਿਆ ਅਤੇ ਸ਼ਾਇਦ 23 ਰੁਪਏ ਤੋਲੇ ਦੇ ਹਿਸਾਬ ਕੁਝ ਗਹਿਣੇ ਵੀ ਵੇਚਣੇ ਪਏ। ਸੋ ਮੈਂ ਆਪਣੇ ਬਚਪਨ 'ਚ ਦੇਖਿਆ ਕਿ ਖੂਹ ਕਿਵੇਂ ਬਣਦਾ ਹੈ ਅਤੇ ਕਿੰਨਾ ਔਖਾ।

ਸਭ ਤੋਂ ਪਹਿਲਾਂ ਖੂਹ ਬਣਾਉਣ ਵਾਲੇ ਮਸ਼ਹੂਰ ਚੋਭੇ ਮਾਘੀ ਸਿੰਘ ਅਤੇ ਉਸ ਦੇ ਭਰਾ ਨਾਲ ਗੱਲਬਾਤ ਹੋਈ। ਉਨ੍ਹਾਂ ਨੇ ਵਾਹਵਾ ਉਚਾ ਜਿਹਾ ਥਾਂ ਦੇਖ ਕੇ ਨਿਸ਼ਾਨ ਲਾ ਦਿੱਤੇ ਅਤੇ 15 ਕੁ ਫੁੱਟ ਗੋਲ ਅਤੇ 10 ਕੁ ਫੁੱਟ ਡੂੰਘਾ ਟੋਆ ਪੁਟਵਾਇਆ ਅਤੇ ਚੱਕ ਬਣਵਾਉਣ ਲਈ ਕਿਹਾ। ਚੱਕ ਚੰਗੀ ਲੱਕੜ ਦਾ, ਗੱਡੇ ਦੇ ਪਹੀਏ ਵਰਗਾ ਹੁੰਦਾ ਸੀ, ਜਿਹੜਾ ਖੂਹ ਦਾ ਆਧਾਰ ਜਾਂ ਪੱਕੀ ਨੀਂਹ ਜਾਂ ਬੁਨਿਆਦ ਹੁੰਦੀ ਸੀ, ਜਿਸ ਉਤੇ ਪੱਕੀਆਂ ਇੱਟਾਂ ਨਾਲ ਖੂਹ ਦੀ ਗੋਲ ਉਸਾਰੀ ਹੁੰਦੀ ਸੀ। ਖੂਹ ਟਾਹਲੀ ਦੇ ਚੰਗੇ ਚੱਕ ਉਤੇ ਹੀ ਨਿਰਭਰ ਹੁੰਦਾ ਸੀ।

ਮੈਨੂੰ ਯਾਦ ਹੈ ਕਿ ਫੁੱਟ ਦੇ ਕਰੀਬ ਮੋਟਾ ਤੇ ਦਸ ਫੁੱਟ ਵਿਆਸ ਦਾ ਗੱਡੇ ਦੇ ਪਹੀਏ ਵਰਗਾ ਪੂਰਾ ਗੋਲ ਚੱਕ, ਭਾਰਾ ਹੋਣ ਕਾਰਨ ਉਥੇ ਹੀ ਬਣਿਆ ਸੀ। ਟੋਆ ਤਿਆਰ ਸੀ, ਕਿਉਂਕਿ ਪਾਣੀ ਨਿਕਲ ਆਇਆ ਸੀ ਅਤੇ ਚੱਕ ਵੀ ਤਿਆਰ ਸੀ, ਬਸ ਚੱਕ ਉਤਾਰਨ ਦੀ ਵਾਰੀ ਸੀ, ਜੋ ਬੜੇ ਸ਼ਗਨਾਂ ਨਾਲ ਹੋਈ। ਮੇਰੀਆਂ ਚਾਚੀਆਂ, ਤਾਈਆਂ, ਭਰਜਾਈਆਂ ਘੱਗਰੇ ਪਾ ਕੇ ਵਧਾਈ ਦੇ ਗੀਤ ਗਾਉਂਦੀਆਂ ਉਥੇ ਗਈਆਂ, ਜਿਵੇਂ ਨਾਨਕਾ ਮੇਲ ਹੁੰਦਾ ਹੈ। ਦੋ ਪਰਾਤਾਂ ਮਿੱਠੇ ਚੌਲਾਂ ਦੀਆਂ ਉਨ੍ਹਾਂ ਦੇ ਸਿਰਾਂ 'ਤੇ ਸਨ ਅਤੇ ਕਈਆਂ ਕੋਲ ਫੁਲਕਾਰੀਆਂ ਵੀ। ਵਾਹਵਾ ਖੁਸ਼ੀ ਅਤੇ ਚਾਵਾਂ ਭਰਿਆ ਜਜ਼ਬਾਤੀ ਮਾਹੌਲ ਸੀ। ਚੱਕ ਦੇ ਉੱਤੇ ਫੁਲਕਾਰੀਆਂ ਪਾਈਆਂ ਗਈਆਂ। ਸੰਧੂਰ, ਖੰਮਣੀਆਂ ਤੇ ਚੌਲਾਂ ਨਾਲ ਮੱਥੇ ਟੇਕੇ ਗਏ ਕਿਉਂਕਿ ਇਹ ਚੱਕ ਦੇ ਅੰਤਮ ਦਰਸ਼ਨ ਸਨ। ਇਸ ਚੱਕ ਨੇ ਸਦਾ ਵਾਸਤੇ ਲੋਪ ਹੋ ਜਾਣਾ ਸੀ। ਦਸ ਬਾਰਾਂ ਬੰਦਿਆਂ ਨੇ ਭਾਰੇ ਚੱਕ ਨੂੰ ਚਹੁੰ ਲਾਸਾਂ ਨਾਲ ਬੰਨ੍ਹ ਕੇ ਬੜੀ ਮੁਸ਼ਕਿਲ ਨਾਲ ਉਸ ਪੁਟਾਈ ਵਿੱਚ ਲਮਕਾਇਆ ਅਤੇ ਅਰਦਾਸ ਮਗਰੋਂ ਖੁਆਜਾ ਪੀਰ ਦੇ ਨਮਿਤ ਮਿੱਠੇ ਚੌਲ ਵੰਡੇ ਗਏ। ਖੁਆਜੇ ਪੀਰ ਨੂੰ ਪਾਣੀ ਦਾ ਦੇਵਤਾ ਕਿਹਾ ਜਾਂਦਾ ਹੈ। ਇਹ ਖੂਹ ਦੀ ਬਣਤਰ ਦਾ ਪਹਿਲਾ ਪੜਾਅ ਸੀ। ਫਿਰ ਉਸ ਚੱਕ 'ਤੇ ਇੱਟਾਂ ਦੀ ਗੋਲ ਚਿਣਾਈ ਸ਼ੁਰੂ ਹੋਈ, ਜੋ ਸ਼ਾਇਦ ਚੂਨੇ ਦੀ ਚਿਣਾਈ ਸੀ। ਸੀਮਿੰਟ ਉਸ ਸਮੇਂ ਘੱਟ ਹੁੰਦਾ ਹੋਵੇਗਾ, ਇਸ ਲਈ ਖੂਹ ਦੇ ਅੰਦਰ ਹੀ ਸੀਮਿੰਟ ਦਾ ਪਲਸਤਰ ਸੀ।

ਇਸ ਪਿੱਛੋਂ ਖੂਹ ਨੂੰ ਉਤਾਰਨ ਦਾ ਔਖਾ ਕੰਮ ਸ਼ੁਰੂ ਹੋਇਆ। ਇਕ ਲੋਹੇ ਦਾ ਬਹੁਤ ਵੱਡਾ ਕਹਿਆ ਲੰਮੀ ਲਾਸ ਨਾਲ ਬੰਨ੍ਹਿਆ ਹੁੰਦਾ ਸੀ। ਮਾਘੀ ਸਿੰਘ ਖੂਹ ਵਿੱਚ ਰਹਿੰਦਾ ਸੀ, ਉਹ ਚੱਕ ਦੇ ਥੱਲੇ ਜ਼ੋਰ ਨਾਲ ਕਹਿਆ ਮਾਰ ਦਿੰਦਾ ਸੀ ਅਤੇ ਅੰਦਰੋਂ ਲੰਮੀ ਹੇਕ ਨਾਲ ਇਸ਼ਾਰਾ ਕਰ ਦਿੰਦਾ ਸੀ। ਬਾਹਰ ਦੋ ਬਲਦ ਜਾਂ ਬੋਤਾ ਲਾਸ ਨੂੰ ਖਿਚ ਲੈਂਦੇ ਸਨ, ਉਤੇ ਦੋ ਬੰਦੇ ਰੇਤਾ ਬਾਹਰ ਲਾਹ ਦਿੰਦੇ ਸਨ ਅਤੇ ਕਹਿਆ ਫੇਰ ਖੂਹ ਵਿੱਚ ਲਮਕਾ ਦਿੰਦੇ ਸਨ। ਇਹ ਕੰਮ ਇਸੇ ਤਰ੍ਹਾਂ ਲਗਾਤਾਰ ਚੱਲਦਾ ਸੀ। ਖੂਹ ਆਪਣੇ ਭਾਰ ਨਾਲ ਹੌਲੀ-ਹੌਲੀ ਖੱਲੇ ਖਿਸਕਦਾ ਰਹਿੰਦਾ। ਜੇ ਕਿਤੇ ਪਾਂਡੋ ਜਾਂ ਰੋੜ ਆ ਜਾਂਦੇ ਤਾਂ ਦਿਹਾੜੀ ਵਿੱਚ ਮਸਾਂ ਗਿੱਠ ਕੁ ਥੱਲੇ ਜਾਂਦਾ ਸੀ। ਔਖਾ ਕੰਮ ਉਸ ਸਮੇਂ ਹੁੰਦਾ ਸੀ, ਜਦੋਂ ਡੂੰਘੇ ਪਾਣੀ ਵਿੱਚ ਚੁੱਭੀ ਮਾਰ ਕੇ ਕਹਿਆ ਚੱਕ ਥੱਲੇ ਮਾਰਨਾ ਪੈਂਦਾ ਸੀ। ਮਾਘੀ ਸਿੰਘ ਸ਼ਾਇਦ ਇਕ ਮਿੰਟ ਤੋਂ ਵੀ ਵੱਧ ਸਾਹ ਰੋਕ ਕੇ ਚੁੱਭੀ ਲਾਈ ਰੱਖਦਾ ਸੀ। ਰੋਟੀ ਘੱਟ ਖਾਂਦਾ ਸੀ, ਪਰ ਰੋਜ਼ ਇਕ ਛੰਨਾ ਘਿਓ ਦਾ ਜ਼ਰੂਰ ਪੀਂਦਾ ਸੀ। ਅੰਦਰ ਉਚੀ-ਉਚੀ ਪਾਠ ਵੀ ਕਰ ਲੈਂਦਾ। ਧੰਨ ਸੀ ਮਾਘੀ ਸਿੰਘ। ਇਕ ਮਹੀਨੇ ਤੋਂ ਵੱਧ ਸਮਾਂ ਲੱਗਿਆ ਹੋਵੇਗਾ। ਚੱਕ ਸਦਾ ਲਈ ਲੋਪ ਹੋ ਚੁੱਕਾ ਸੀ, ਖੂਹ ਪੂਰਾ ਬਣਿਆ ਨਜ਼ਰ ਆ ਰਿਹਾ ਸੀ। ਫੇਰ ਹਲਟ ਬਣਿਆ, ਟਿੰਡਾਂ, ਗਾਧੀ, ਪਾਰਚਾ, ਦੁਬੱਚਾ ਵੀ ਬਣੇ। ਚਾਰ ਚੁਫੇਰੇ ਨਵੇਂ ਤੂਤ ਲਾਏ, ਠੰਢੇ ਮਿੱਠੇ ਸ਼ਰਬਤੀ ਪਾਣੀ ਦਾ ਖੂਹ ਤਿਆਰ ਸੀ। ਪੈਲੀ ਦੋ ਅਰਾਈਂ ਭਰਾਵਾਂ ਜਮਾਲੇ ਅਤੇ ਅਜ਼ੀਜ਼ ਨੂੰ ਪੰਜ ਦਵੰਜੀ 'ਤੇ ਦੇ ਦਿੱਤੀ। ਗਾਜਰਾਂ, ਮੂਲੀਆਂ, ਗੋਗਲੂ, ਮੂੰਗਰੇ, ਪੱਠੇ, ਕੱਦੂ, ਕਰੇਲੇ, ਤੋਰੀਆਂ ਤੇ ਖੱਖੜੀਆਂ ਦੀ ਭਰਮਾਰ ਹੋ ਗਈ। ਦੋਵੇਂ ਭਰਾ ਅਰਾਈ ਸਨ।

ਅੱਜ ਚੱਕ ਸਦਾ ਵਾਸਤੇ ਲੋਪ ਹੋ ਹੀ ਚੁੱਕੇ ਹਨ, ਖੂਹ ਖਤਮ ਹੋ ਰਹੇ ਹਨ ਤੇ ਛੇਤੀ ਹੀ ਬੱਚਿਆਂ ਨੂੰ ਤਸਵੀਰਾਂ ਦਿਖਾ ਕੇ ਦੱਸਣਾ ਪਵੇਗਾ, ‘ਬੱਚਿਓ, ਇਹ ਹੈ ਖੂਹ; ‘ਵੈਲ'। ਹਾਂ ਕੁਝ ਯਾਦਗਾਰੀ ਖੂਹ ਜ਼ਰੂਰ ਬਚਣਗੇ, ਜੋ ਇਤਿਹਾਸ ਨਾਲ ਜੋੜ ਕੇ ਦੇਖੇ ਜਾਂਦੇ ਹਨ। ਜਿਵੇਂ ਜਲ੍ਹਿਆਂਵਾਲਾ ਬਾਗ ਦਾ ਖੂਹ, ਛੇਹਰਟਾ ਸਾਹਿਬ, ਅਜਨਾਲੇ ਦਾ 1857 ਵਾਲਾ ਖੂਹ, ਭਾਈ ਭਗਤੇ ਵਾਲਾ ਭੂਤਾਂ ਵਾਲਾ ਖੂਹ ਜਾਂ ਮੋਗੇ ਦਾ ਸਰਕਾਰੀ ਖੂਹ। ਅੱਗੇ ਖੇਤੀ ਖੂਹਾਂ ਅਤੇ ਬਲਦਾਂ ਉੱਤੇ ਨਿਰਭਰ ਸੀ। ਲੋਕ ਗਊ ਦੀ ਸਹੁੰ ਖਾਂਦੇ ਸਨ ਤੇ ਖੂਹ ਜਿੰਨੀ ਲੰਮੀ ਉਮਰ ਦੀ ਅਸੀਸ ਦਿੰਦੇ ਸਨ, ਪਰ ਮੇਰੇ ਦੇਖਦੇ-ਦੇਖਦੇ 90 ਸਾਲਾਂ ਵਿੱਚ ਸਾਇੰਸ ਦੀ ਤਰੱਕੀ, ਆਬਾਦੀ ਦਾ ਚਾਰ ਗੁਣਾ ਹੋਣਾ, ਵਾਤਾਵਰਨ ਦੀ ਮਾਰ, ਨਵੀਆਂ ਪਾਣੀ ਚੂਸੂ ਫਸਲਾਂ, ਦਰੱਖਤਾਂ ਦੀ ਕਟਾਈ ਤੋਂ ਡਰਦਾ ਵਿਚਾਰਾ ਪਾਣੀ ਵੀ ਥੱਲੇ ਲੁਕਦਾ ਫਿਰਦਾ ਹੈ ਅਤੇ ਬੰਬੀਆਂ ਦੀ ਚੌਧਰ ਹੈ। ਸਰਕਾਰ ਫਸਲਾਂ ਦੀ ਬੰਦਸ਼, ਬੂਟੇ ਲਾਓ, ਪਾਣੀ ਬਚਾਓ ਵਰਗੇ ਹੁਕਮ ਦਿੰਦੀ ਹੈ, ਕਿਉਂਕਿ ਪਾਣੀ ਮੁੱਕ ਰਿਹਾ ਹੈ ਤੇ ਆਉਂਦੇ ਕੁਝ ਸਾਲਾਂ ਵਿੱਚ ਪਾਣੀ ਦੀ ਬੋਤਲ 100 ਰੁਪਏ ਦੀ ਮਿਲੂਗੀ। ਪਿੰਡੇ ਨੂੰ ਸਪੰਜ ਕਰਕੇ ਹੀ ਗੁਜ਼ਾਰਾ ਕਰਨਾ ਪਊ। ਪਾਣੀ ਜ਼ਰੂਰੀ ਸਰਫੇ ਨਾਲ ਵਰਤੀਏ ਅਤੇ ਬਚਾਈਏ।

ਮੁੜ ਆਈਏ ਖੂਹਾਂ ਉੱਤੇ। ਅੱਜ ਪੈਲੀ ਵਿੱਚ ਕਾਲੋਨੀ ਬਣ ਗਈ ਹੈ, ਕੋਠੀਆਂ ਉਸਰ ਰਹੀਆਂ ਹਨ, ਖੂਹ ਮੁੰਦਿਆ ਗਿਆ ਹੈ ਅਤੇ ਸਦਾ ਲਈ ਲੋਪ ਹੋ ਗਿਆ ਹੈ, ਪਰ ਮੈਨੂੰ ਅੱਖਾਂ ਮੀਟ ਕੇ ਫੁਲਕਾਰੀਆਂ 'ਚ ਲਪੇਟਿਆ ਚੱਕ ਦਿਸ ਪੈਂਦਾ ਹੈ ਅਤੇ ਟਿੰਡਾਂ ਵਾਲਾ ਖੂਹ ਵੀ।

UPPAL LAW
FREE CONSULTATION !
Avtar Uppal Manager
Aman Uppal Barrister, Solicitor
IMMIGRATION SERVICES:
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana Sales Rep
SOLD $645,000 Darcel/Brandon Gate — ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।
FOR SALE $799,900 Chinguacousy/Sandalwood — 5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।
FOR SALE $3,249,000 Niagara Falls Ontario — ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।
FOR SALE $1,129,900 Castlemore/Goreway — 4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਨ, ਬੇਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ।

General ਵੱਰਕਰਾਂ ਦੀ ਤੁਰੰਤ ਲੋੜ ਹੈ
ਬ੍ਰੈਂਪਟਨ ਤੋਂ ਸਿਰਫ 30 ਮਿੰਟਾਂ ਦੀ ਦੂਰੀ ਤੇ
Galvanizing plant located in Acton, ON
ਸਾਰੀਆਂ Shifts available ਹਨ
ਦਿਤੀਆਂ ਜਾਣ ਵਾਲੀਆਂ ਸਹੂਲਤਾਂ:
- Starting wage $16/hr + Medical Benefits
- Company Pension Plan
- Quarterly Incentive bonus
Send Resume to: christopherbrock@azz.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਸਿਰ ਦਰਦ ਸਮੱਸਿਆ, ਲੱਛਣ, ਕਾਰਨ ਅਤੇ ਇਲਾਜ

ਗੁਰਵਿੰਦਰ ਸਿੰਘ ਮੋਬਾਇਲ +91-9814700975



ਅਨੇਕਾ ਕਾਰਨਾ ਵਿੱਚੋ ਸਿਰ ਦਾ ਮੁੱਖ ਕਾਰਨ ਸਿਰ ਦੇ ਉੱਤਰੀ ਧਰੁੱਵ ਤੇ ਦੱਖਣੀ ਧਰੁੱਵੀ ਅਬੈਲੇਸ ਹੋ ਜਾਣਾ ਹੋ ਜਾਣਾ ਹੈ। ਪ੍ਰਿਥਵੀ ਦੇ ਉੱਤਰੀ ਤੇ ਦੱਖਣੀ ਧਰੁੱਵ ਵਾਂਗ ਮਨੁੱਖੀ ਸਰੀਰ ਦੇ ਵੀ ਦੋ ਉਤਰੀ ਤੇ ਦੱਖਣੀ ਧਰੁੱਵ ਹੁੰਦੇ ਹਨ। ਸਿਰ ਦਰਦ ਲਈ 80% ਤੱਕ ਇਹੀ ਕਾਰਨ ਜਿੰਮੇਵਾਰ ਹੁੰਦਾ ਹੈ।

ਸਿਰ ਦਰਦ ਔਰਤਾਂ ਦੀ ਇੱਕ ਵੱਡੀ ਸਮੱਸਿਆ ਹੈ। ਮਰਦਾਂ ਦੇ ਮੁਕਾਬਲੇ ਔਰਤਾਂ ਇਸ ਤੋ ਵੱਧ ਪੀੜਤ ਹਨ। ਸਿਰ ਦਰਦ ਆਪਣੇ ਆਪ ਵਿੱਚ ਕੋਈ ਬੀਮਾਰੀ ਨਹੀਂ। ਸਗੋ ਕਈ ਹੋਰ ਬੀਮਾਰੀਆ ਦਾ ਲੱਛਣ ਹੁੰਦੀ ਹੈ। ਇਸ ਲਈ ਅਨੇਕਾ ਕਾਰਨ ਜਿੰਮੇਵਾਰ ਹੁੰਦੇ ਹਨ ਪਰ ਆਮ ਤੌਰ ਤੇ ਸਿਰ ਦਰਦ ਤੋ ਰਾਹਤ ਲਈ ਆਸਾਨੀ ਨਾਲ ਉਪਲਬਧ ਹੋਣ ਵਾਲੇ ਪੇਨ ਕਿੱਲਰ (ਦਰਦ ਨਿਵਾਰਕ) ਦਵਾਈਆ ਵਰਤੀਆ ਜਾਦੀਆ ਹਨ । ਇਸ ਨਾਲ ਸਿਰ ਦਰਦ ਤੋ ਆਰਜੀ ਰਾਹਤ ਤਾਂ ਮਿਲਦੀ ਹੈ ਪਰ ਸਥਾਈ ਲਾਭ ਨਹੀ। ਉਲਟਾ ਲੰਮੇ ਸਮੇਂ ਤੱਕ ਦਰਦ ਨਾਸਕ ਦਵਾਈਆ ਦੀ ਵਰਤੋ ਕਰਨ ਨਾਲ ਲੀਵਰ, ਕਿਡਨੀ ਤੇ ਸਰੀਰ ਦੇ ਹੋਰ ਅੰਗਾ ਤੇ ਬੁਰੇ ਪ੍ਰਭਾਵ ਜਰੂਰ ਪੈਦੇ ਹਨ।

ਸਿਰ ਦਰਦ ਦੇ ਲੱਛਣ : ਕਾਰਨਾ ਅਨੁਸਾਰ ਸਿਰ ਦਰਦ ਦੇ ਕਈ ਲੱਛਣ ਸਾਹ-ਮਣੇ ਆਉਦੇ ਹਨ ਜਿਵੇ ਪੁੜਪੜੀਆ ਵੱਜਣੀਆ, ਅੱਧਾ ਸਿਰ ਦਰਦ, ਸਾਹਮਣਾ ਮੱਥਾ ਦਰਦ, ਸਿਰ ਵਿੱਚੋ ਚੱਲ ਕੇ ਅੱਖ ਵਿੱਚ ਪੀੜ ਆਉਣੀ, ਭਰਵੱਟੇ ਵਿੱਚ ਪੀੜ ਆਉਣੀ, ਗਰਦਨ ਨੂੰ ਪੀੜ ਜਾਣੀ, ਸਿਰ ਘਮਾਉਣ ਤੇ ਦਰਦ ਹੋਣਾ, ਸਿਰ ਦੁਆਲੇ ਚੱਕਰੀ ਘੁੰਮਦੀ ਮਹਿਸੂਸ ਹੋਣੀ, ਦਿਮਾਗ ਵਿੱਚ ਹਥੋੜੇ ਚੱਲਣੇ, ਸਿਰ ਵਿੱਚ ਪੇਚ ਕੱਸੀਆ ਜਾਣਾ ਮਹਿਸੂਸ ਹੋਣਾ, ਕੰਧ ਵਿੱਚ ਸਿਰ ਮਾਰਨਾ, ਸੂਰਜ ਚੜਨ ਨਾਲ ਸਿਰ ਦਰਦ ਹੋਣਾ ਅਤੇ ਉਲਟੀ ਆਉਣੀ, ਸੂਰਜ ਡੁੱਬਣ ਨਾਲ ਸਿਰ ਦਰਦ ਹੱਟ ਜਾਣਾ ਆਦਿ।

ਸਿਰ ਦਰਦ ਦੇ ਅਨੇਕਾ ਕਾਰਨ ਜਿੰਮੇਵਾਰ ਹੁੰਦੇ ਹਨ ਜਿਵੇ ਕਿ:-

ਧਰਤੀ ਦੇ ਉੱਤਰੀ ਤੇ ਦੱਖਣੀ ਧਰੁੱਵ ਵਾਂਗ ਮਨੁੱਖੀ ਸਰੀਰ ਦੇ ਵੀ ਦੋ ਧਰੁੱਵ ਹੁੰਦੇ ਹਨ। ਸਿਰ ਦੇ ਉੱਤਰੀ ਧਰੁੱਵ ਤੇ ਦੱਖਣੀ ਧਰੁੱਵੀ ਅਸਤੁੰਲਿਨ ਹੋ ਜਾਣ, ਬੈਲਸ ਵਿਗੜ ਜਾਣ ਕਾਰਨ ਸਿਰ ਦਰਦ ਹੁੰਦਾ ਹੈ। ਸਿਰ ਦਰਦ ਦੇ 80% ਤੱਕ ਇਹੀ ਕਾਰਨ ਜਿੰਮੇਵਾਰ ਹੁੰਦਾ ਹੈ। ਬਾਕੀ ਕਾਰਨ ਹੇਠ ਲਿਖੇ ਅਨੁਸਾਰ ਹੋ ਸਕਦੇ ਹਨ।

ਹਾਈਪਰ ਐਸਡਿਟੀ, ਤੇਜਾਬ ਬਣਨਾ, ਪੇਟ ਇੰਨਫੇਕਸਨ, ਟਾਈਫੇਟ, ਲੀਵਰ ਇੰਨਫੇਕਸਨ, ਫੈਟੀ ਲੀਵਰ, ਧਰਨ ਦਾ ਆਪਣੀ ਜਗਾ ਤੋ ਹਿੱਲਿਆ ਹੋਣਾ, ਕਮਜੋਰੀ, ਖੂਨ ਦੀ ਕਮੀ, ਕਬਜ, ਗੈਸ ਦਾ ਦਿਮਾਗ ਨੂੰ ਚੜਨਾ, ਸਿਲਫਿਸ, ਗਨੋਰੀਆ, ਸੁਜਾਕ, ਸਰਵਾਈਕਲ, ਨਜਲਾ ਜੁਕਾਮ, ਮੌਸਮ ਬਣਲਣ ਨਾਲ ਦਿਮਾਗੀ ਨਸਾ ਵਿੱਚ ਸੋਜਸ ਦਾ ਹੋ ਜਾਣਾ, ਨਜਲੇ ਜੁਕਾਮ ਦੌਰਾਨ ਖਾਧੀ ਤੇਜ ਦਵਾਈ ਕਾਰਨ ਰੇਸਾ ਸਿਰ, ਅੱਖਾ, ਕੰਨਾਂ ਆਦਿ ਅੰਗਾ ਦੀਆ ਨਾਂੜਾ ਉੱਪਰ ਜੰਮ ਜਾਂਦਾ ਹੈ। ਇੰਨਾ ਕਾਰਨਾ ਕਰਕੇ ਸਿਰ ਦਰਦ ਦੀ ਸਮੱਸਿਆ ਸਾਹਮਣੇ ਆਉਂਦੀ ਹੈ।

ਦੰਦਾ ਵਿੱਚ ਰੇਸਾ ਹੋਣਾ, ਕੰਨ ਵਿੱਚ ਸੋਜਸ-ਇੰਨਫੈਕਸਨ, ਨਿਗਾ ਦੀ ਕਮਜੋਰੀ, ਦਿਮਾਗੀ ਨਸਾ ਵਿੱਚ ਨਸਾ ਵਿੱਚ ਬਲੋਕਜ, ਸਿਰ ਵਿੱਚ ਟਿਉਮਰ ਦਾ ਹੋਣਾ,ਦਿਮਾਗ ਦੀਆ ਝਿੱਲੀਆ ਵਿੱਚ ਪਾਣੀ ਰਸੌਲੀਆ ਹੋਣਾ,ਹਾਈ ਬਲੱਡ ਪ੍ਰੈਸਰ ਆਦਿ ਕਾਰਨਾ ਕਰਕੇ ਵੀ ਸਿਰ ਦਰਦ ਹੁੰਦਾ ਹੈ।

ਤਨਾਵ, ਇਮੋਨਸਲ ਸਟਰੈਸ, ਬੈਚੇਨੀ, ਮਾਨਸਿਕ ਕਮਜੋਰੀ, ਲਾਈਫ ਸਟਾਈਲ ਤਬਦੀਲ ਹੋਣਾ, ਕਾਹਲਾਪਨ, ਤੇਜ ਤਰਾਰ ਜਿੰਦਗੀ ਜਿਉਣਾ, ਡੂੰਘੀ ਉਦਾਸੀ, ਨੀਦ ਨਾ ਆਉਣਾ, ਸੋਣ ਅਤੇ ਜਾਗਣ ਤੇ ਸਮੇ ਵਿੱਚ ਤਬਦੀਲੀ ਹੋ ਜਾਣਾ, ਤੇਜ ਰੌਸਨੀ ਤੇ ਉੱਚੀ ਅਵਾਜ ਵੀ ਸਿਰ ਦਰਦ ਦਾ ਕਾਰਨ ਬਣਦੀ ਹੈ।

ਕੁਝ ਭੋਜਨ ਪਦਾਰਥ ਤੇ ਉਨਾ ਵਿੱਚਲੇ ਕੈਮੀਕਲ ਜਿਵੇ ਕਿ ਤੇਜ ਲੂਣ, ਮਸਾਲੇ-ਦਾਰ, ਤਲਿਆ ਭੋਜਨ, ਮੋਨੋਸੋਡੀਅਮ ਗਲੌਟਾਮੇਜ ਯੁਕਤ ਭੋਜਨ, ਸਿਗਰਟ, ਸਰਾਬ ਤੇ ਕੈਫੀਨ ਯੁਕਤ ਪਦਾਰਥ, ਸਤੁੰਲਿਤ ਭੋਜਨ ਨਾ ਖਾਣ ਨਾਲ ਸਰੀਰ ਵਿੱਚ ਸੂਗਰ ਅਤੇ ਰਸਾਇਣਿਕ ਸਤਰ ਪ੍ਰਭਾਵਿਤ ਹੁੰਦਾ ਹੈ ਜਿਸ ਨਾਲ ਸਿਰ ਦਰਦ ਹੁੰਦਾ ਹੈ। ਕੁਝ ਤੇਜ ਗੰਧਦਾਰ, ਖੁਸਬੋਦਾਰ ਪਦਾਰਥ ਜਿਵੇ ਕਿ ਰੰਗ ਰੋਗਨ, ਸੈੱਟ, ਫੁੱਲਾ ਦੀ ਖੁਸਬੋ, ਸਫਾਈ ਵਾਲੇ ਪਦਾਰਥ ਵੀ ਦਿਮਾਗ ਵਿੱਚ ਉਤੇਜਨਾ ਪੈਦਾ ਕਰਕੇ ਸਿਰ ਦਰਦ ਦਾ ਕਾਰਨ ਬਣਦੇ ਹਨ।

ਪੁੰਨਿਆ ਦੇ ਦੌਰਾਨ ਜਦੋਂ ਚੰਦਰਮਾ ਧਰਤੀ ਦੇ ਨਜਦੀਕ ਆਉਦਾ ਹੈ, ਸਮੁੰਦਰ ਵਿੱਚ ਜਵਾਰਂਭਾਟਾ ਆਉਦਾ ਹੈ ਤਾ ਉਹ ਮਨੁੱਖੀ ਸਰੀਰ ਨੂੰ ਵੀ ਪ੍ਰਭਾਵਿਤ ਕਰਦਾ ਹੈ, ਜਿਸ ਦੇ ਨਤੀਜੇ ਵਜੋ ਮੂਡ ਵਿੱਚ ਪਰਿਵਤਰਨ ਦੇ ਸਿਰ ਦਰਦ ਦੇ ਲੱਛਣ ਸਾਹਮਣੇ ਆਉਦੇ ਹਨ। ਇਸ ਤੋ ਇਲਾਵਾ ਬਹੁਤ ਜਿਆਦਾ ਮੇਹਨਤ ਕਰਨੀ, ਹਾਈ ਬੱਲਡ ਪ੍ਰੈਸਰ, ਹਾਰਮੋਜਨ ਦਵਾਈਆ, ਹਾਰਮੋਨਜ ਥਰੈਪੀ, ਤੇਜ ਸੈਕਸੂਅਲ ਇੱਛਾਵਾ ਨੂੰ ਦਬਾਉਣਾ ਵੀ ਸਿਰ ਦਰਦ ਦਾ ਕਾਰਨ ਬਣਦਾ ਹੈ।

ਔਰਤਾ ਵਿੱਚ ਸਿਰ ਦਰਦ ਦੇ ਉਪਰੋਕਤ ਕਾਰਨ ਤੋ ਇਲਾਵਾ ਹੋਰ ਵੱਖਰੇ ਕਾਰਨ ਵੀ ਹੁੰਦੇ ਹਨ।

ਬੱਚੇਦਾਨੀ ਦਾ ਆਪਣੇ ਸਥਾਨ ਤੋ ਹਿੱਲ ਜਾਣਾ, ਬੱਚੇਦਾਨੀ ਵਿੱਚ ਰਸੌਲੀ, ਮਹੀਨਾ ਸਮੇ ਸਿਰ ਨਾ ਆਉਣਾ, ਲਕੋਰੀਏ ਕਾਰਨ ਹੋਈ ਕਮਜੋਰੀ, ਪੀਰੀਅਡ ਦੌਰਾਨ ਖੂਨ ਜਿਆਦਾ ਵਹਿ ਜਾਣਾ, ਮਹਾਵਰੀ ਆਉਣ ਤੋ ਪਹਿਲਾ ਸਿਰ ਦਰਦ, ਪਰਗੈਨਸੀ ਜਾ ਮੌਨੋਪਾਜ ਦੌਰਾਨ ਸਰੀਰ ਵਿੱਚ ਹਾਰਮੋਨ ਪਰਿਵਤਰਨ ਹੋਣ ਕਾਰਨ।

ਔਰਤਾ ਦੀ ਇੱਕ ਕਿਸਮ ਸੀਗੂਨ, ਪਿੱਤ ਪ੍ਰਰਿਕਰਤੀ ਦੀ ਹੁੰਦੀ ਹੈ, ਉਨਾ ਦਾ ਸੁਭਾਵ ਬਹੁਤ ਨਾਜੁਕ, ਚੰਚਲ ਹੁੰਦਾ ਹੈ। ਉਹ ਜਿਆਦਾ ਸੋਚਣ, ਜਿਆਦਾ ਬੋਲਣ, ਦੂਜੇਆ ਨੂੰ ਮਾਖੌਲ ਕਰਨ, ਨੀਵਾ ਦਿਖਾਉਣ, ਘਮੰਡੀ, ਸਰਾਰਤੀ ਤੇ ਸਾਜਸ ਕਰਨ ਵਾਲੀਆ ਹੁੰਦੀਆ ਹਨ। ਜੇ ਕੋਈ ਉਨਾ ਨੂੰ ਸਖਤ ਜਵਾਬ ਦੇ ਦੇਵੇ ਤਾ ਉਹ ਝੱਟ ਸਿਰ ਫੜ ਕੇ ਬੈਠ ਜਾਦੀਆ ਹਨ। ਇਹ ਬੇਇਜੱਤੀ ਕਈ ਦਿਨਾ ਤੱਕ ਉਨਾ ਦੇ ਦਿਮਾਗ ਵਿੱਚ ਘੁੰਮਦੀ ਰਹਿੰਦੀ ਤੇ ਸਿਰ ਦਰਦ ਦਾ ਕਾਰਨ ਬਣਦੀ ਹੈ।

ਇਲਾਜ: ਇਲੈਕਟਰੋਪੈਥੀ ਦਵਾਈਆ ਜੋ ਕਿ ਪੌਦੇਆ ਦੇ ਸਪੈਜਰਿਕ ਸੈਅਸ ਤੋ ਤਿਆਰ ਕੀਤੀਆ ਜਾਦੀਆ ਹਨ, ਦਿਮਾਗ ਦੇ ਉੱਤਰੀ ਤੇ ਦੱਖਣੀ ਪੋਲਾਂ ਨੂੰ ਬਲੈਸ ਕਰ ਦੇਦੀਆ ਹਨ। ਦਿਮਾਗ ਵਿੱਚ ਸੋਜਸ ਨੂੰ ਹਟਾਉਦੀਆ ਹਨ। ਜੰਮੇ ਰੇਸੇ ਨੂੰ ਬਾਹਰ ਕੱਢ ਦੇਦੀਆ ਹਨ। ਦਿਮਾਗ ਨੂੰ ਸਾਤ, ਤਨਾਅ ਸਹਿਣ ਦੀ ਸਮਰੱਥਾ ਨੂੰ ਵਧਾਉਦੀਆ ਹਨ ਤੇ ਸਿਰ ਦਰਦ ਦੇ ਕਾਰਨਾ ਦਾ ਸਥਾਈ ਇਲਾਜ ਕਰਦੀਆ ਹਨ। ਦਵਾਈ ਦਾ ਅਸਰ 10 ਮਿੰਟ ਵਿੱਚ ਸੂਰੁ ਹੋ ਜਾਂਦਾ ਹੈ।

ਗੁਰਵਿੰਦਰ ਸਿੰਘ, H.R. ਇਲੈਕਟਰੋਪੈਥੀ ਕਲੀਨਿਕ,
ਸਾਹਮਣੇ ਬੈਂਕ, ਮੋਗਾ ਰੋਡ, ਕੋਟ ਈਸੇ ਖਾ, ਜਿਲਾ ਮੋਗਾ ਮੋਬਾਇਲ ਨੰਬਰ 9814700975

# ਨਵੀਆਂ ਖੁਸ਼ੀਆਂ ਨਵੀਆਂ ਸਮੱਸਿਆਵਾਂ

ਪੰਜਾਬ ਤੋਂ ਕਨੇਡਾ ਦੀ ਧਰਤੀ ਵੱਲ ਆਉਣ ਲਈ ਬੜੀ ਉਤਸੁਕਤਾ ਹੈ ਇਸ ਦਾ ਕਾਰਨ ਕੋਈ ਲੁਕਿਆ ਛਿਪਿਆ ਨਹੀਂ। ਪੰਜਾਹਵੇਂ ਦਹਾਕੇ ਵਿੱਚ ਪੰਜਾਬ ਦੀ ਅਬਾਦੀ ਬਹੁਤੀ ਨਹੀਂ ਸੀ ਅੱਜ ਤੋਂ ਲੱਗਪੱਗ ਇੱਕ ਤਿਹਾਈ ਸੀ। ਪੰਜਾਬ ਵਿੱਚ ਪਿੰਡਾ ਦੇ ਬਹੁਤੇ ਲੋਕ ਖੇਤੀ ਤੇ ਨਿਰਭਰ ਸਨ।ਬੇਸ਼ਕ ਖੇਤੀ ਦੀ ਆਮਦਨ ਬਹੁਤੀ ਨਹੀਂ ਸੀ ਲੋਕ ਉਸ ਆਮਦਨ ਵਿੱਚ ਤੰਗੀ ਤੁਰਸ਼ੀ ਨਾਲ ਗੁਜ਼ਾਰਾ ਕਰਨ ਦੇ ਆਦੀ ਸਨ। ਉਹਨਾਂ ਕੋਲ ਕੋਈ ਹੋਰ ਬਹੁਤਾ ਵਿਕਲਪ ਵੀ ਨਹੀਂ ਸੀ। ਪਿੰਡਾਂ ਵਿੱਚ ਕੁੱਝ ਘਰਾਂ ਨੂੰ ਛੱਡ ਕੇ ਆਮ ਲੋਕ ਸਧਾਰਨ ਸਨ। ਲੋਕ ਕੰਮਾਂ ਧੰਧਿਆ ਲਈ ਇੱਕ ਦੂਜੇ ਤੇ ਨਿਰਭਰ ਸਨ। ਰੀਤੀ ਰਿਵਾਜ ਸਾਦੇ ਸਨ। ਇੱਕ ਦੂਜੇ ਨਾਲ ਸਾਂਝ ਪਾ ਕੇ ਰੱਖਦੇ ਸਨ। ਦੁਖ ਸੁਖ ਵੇਲੇ ਆਂਢ ਗੁਆਂਡ ਸਹਾਈ ਹੁੰਦਾ ਸੀ ਕਿਸੇ ਵੱਡੀ ਮੁਸੀਬਤ ਵੇਲੇ ਸਾਰਾ ਪਿੰਡ ਉਸ ਘਰ ਦੀ ਮਦਦ ਤੇ ਆ ਖੜੋਂਦਾ ਸੀ। ਲੋਕਾਂ ਦਾ ਅੱਜ ਦੇ ਮੁਕਾਬਲੇ ਸਦਾਚਾਰ ਉਚਾ ਸੀ ਇਹ ਨਹੀਂ ਕਿ ਉਸ ਵੇਲੇ ਬੁਰਾਈਆਂ ਨਹੀਂ ਸਨ ਪਰ ਫਿਰ ਵੀ ਲੋਕ ਬੁਰੇ ਕੰਮ ਕਰਨ ਤੋਂ ਡਰਦੇ ਸਨ। ਭੈੜੇ ਆਦਮੀ ਨੂੰ ਸਮਾਜ ਮਾਨਤਾ ਨਹੀਂ ਦਿੰਦਾ ਸੀ। ਉਸ ਪ੍ਰਤੀ ਲੋਕਾਂ ਵਿੱਚ ਘਿਰਨਾ ਸੀ। ਸਾਂਝੇ ਫੈਸਲਿਆਂ ਵਿੱਚ ਉਸ ਨੂੰ ਨਹੀਂ ਬੁਲਾਇਆ ਜਾਂਦਾ ਸੀ।ਬਹੁਤਾ ਕਰਕੇ ਛੋਟੇ ਮੋਟੇ ਗੁੱਸੇ ਗਿਲੇ ਭਾਈਚਾਰੇ ਦੀ ਪੰਚਾਇਤ ਵਿੱਚ ਹੀ ਨਿਪਟਾ ਲਏ ਜਾਂਦੇ ਸਨ।

ਹੌਲੀ ਹੌਲੀ ਵਿਦਿਆ ਨੇ ਪਸਾਰਾ ਕੀਤਾ। ਜਿਸ ਪ੍ਰੀਵਾਰ ਦੇ ਬੱਚੇ ਕਿਸੇ ਨੌਕਰੀ ਤੇ ਹੋ ਗਏ ਬਦਲਦੇ ਸਮੇਂ ਨਾਲ ਉਹਨਾਂ ਦੇ ਵੇਤਨ ਚੰਗੇ ਹੋ ਗਏ। ਉਹਨਾਂ ਦੇ ਘਰਾਂ ਦੀ ਹਾਲਤ ਸੁਧਰਨ ਲੱਗੀ। ਇਸ ਨਾਲ ਸਮਾਜ ਵਿੱਚ ਅੰਤਰ ਦੀ ਬੁਨਿਆਦ ਰੱਖਣੀ ਸ਼ੁਰੂ ਹੋ ਗਈ। ਉਸ ਸਮੇਂ ਤੋਂ ਫਿਰ ਮਸ਼ੀਨਰੀ ਆਉਣ ਲੱਗ ਗਈ।ਟਰੈਕਟਰ ਨੇ ਵੱਡੀਆਂ ਜਮੀਨਾ ਵਾਲਿਆਂ ਨੂੰ ਛੋਟੇ ਕਿਸਾਨ ਤੋਂ ਅਲੱਗ ਕਰਨਾ ਸ਼ੁਰੂ ਕਰ ਦਿਤਾ। ਉਸ ਦੀ ਗਰਜ਼ ਘਟ ਗਈ। ਟਰੈਕਟਰ ਨਾਲ ਖੇਤੀ ਕਰਨ ਕਰਕੇ ਉਹਨਾਂ ਦੀ ਆਮਦਨ ਵੀ ਵਧ ਗਈ ਇਸ ਨਾਲ ਬਾਕੀ ਸਮਾਜ ਨਾਲੋਂ ਉਹਨਾਂ ਦੀ ਮਾਨਸਿਕਤਾ ਦਾ ਵੀ ਫਰਕ ਪੈਣ ਲੱਗਾ। ਵਧਦੀ ਅਬਾਦੀ ਨਾਲ ਛੋਟੇ ਕਿਸਾਨਾਂ ਦੀ ਜਮੀਨ ਦੀ ਵੰਡ ਹੋ ਗਈ। ਜਿੰਨਾ ਬਾਪ ਦਾ ਪ੍ਰੀਵਾਰ ਸੀ ਓਨਾਂ ਪ੍ਰੀਵਾਰ ਪੁੱਤ ਦਾ ਹੋ ਗਿਆ ਪਰ ਜ਼ਮੀਨ ਘਟ ਗਈ। ਆਮਦਨ ਘਟ ਗਈ। ਅੱਜ ਦੇ ਸਮੇਂ ਤੱਕ ਪਹੁੰਚਦਿਆਂ ਸਮਾਜਿਕ ਤਾਣਾ ਬਾਣਾ ਬਹੁਤ ਉਲਝ ਗਿਆ।

ਸਰਕਾਰਾਂ ਦੀਆਂ ਗਲਤ ਨੀਤੀਆਂ ਨੇ ਸਰਕਾਰੀ ਤੰਤਰ ਵਿੱਚ ਭ੍ਰਿਸ਼ਟਾਚਾਰੀ ਅਤੇ ਖੁਦਗਰਜ਼ੀ ਕੈਂਸਰ ਦੀ ਤਰ੍ਹਾਂ ਫੈਲਾ ਦਿੱਤੀ ਜਿਸ ਨਾਲ ਦੇਸ ਅਤੇ ਲੋਕਾਂ ਦੀ ਤਰੱਕੀ ਰੁਕ ਗਈ ਬੇਰੁਜ਼ਗਾਰੀ ਵਧ ਗਈ। ਸਧਾਰਨ ਬੰਦੇ ਦੀ ਸਰਕਾਰੀ ਤੰਤਰ ਦਫਤਰਾਂ ਅਤੇ ਖੇਤੀ ਦੀ ਫਸਲ ਵੇਚਣ ਸਮੇਂ ਖੁੱਲੀ ਲੁੱਟ ਹੋਣ ਲੱਗੀ। ਇਸ ਮੰਦੀ ਦੇ ਹੋਰ ਵੀ ਕਈ ਕਾਰਨ ਹਨ।ਮੰਦੀ ਦੇ ਕਾਰਨ ਕੁੱਝ ਲੋਕਾਂ ਨੇ ਬਿਦੇਸ਼ ਵੱਲ ਮੂੰਹ ਕਰ ਲਿਆ। ਸਹੂਲਤ,ਵਸੀਲੇ ਅਤੇ ਯੋਗਤਾ ਮੁਤਾਬਕ ਲੋਕ ਬਾਹਰ ਨੂੰ ਤੁਰ ਗਏ।

ਮਜ਼ਦੂਰ ਅਤੇ ਛੋਟੇ ਕਿਸਾਨ ਦਾ ਖੇਤੀ ਤੇ ਗੁਜ਼ਾਰਾ ਮੁਸ਼ਕਿਲ ਹੋ ਗਿਆ। ਬਜ਼ਾਰੀ ਕਰਨ ਅਤੇ ਨਵੀਨੀਕਰਨ ਨਾਲ ਖਰਚੇ ਹੋਰ ਵਧ ਗਏ। ਲੋਕਾਂ ਸਿਰ ਕਰਜ਼ੇ ਵਧ ਗਏ। ਗੱਲ ਕੀ ਖੇਤੀ ਰੋਜ਼ਨਾ ਜਿੰਦਗੀ ਦੀਆਂ ਲੋਕਾਂ ਦਾ ਬੋਝ ਚੁਕਣ ਤੋਂ ਅਸਮਰਥ ਹੋ ਗਈ।

ਬਦਲਦੇ ਹਾਲਾਤਾਂ ਅਨੁਸਾਰ ਅੱਜ ਬੱਚਿਆਂ ਦੀ ਪੜ੍ਹਾਈ ਵੱਲ ਵੱਧ ਧਿਆਨ ਦਿੱਤਾ ਜਾਣ ਲੱਗਾ ਹੈ। ਬਿਦੇਸ਼ਾ ਵਿੱਚ ਸਰਕਾਰਾਂ ਨੇ ਉਚ ਵਿਦਿਆ ਲਈ ਦਰਵਾਜ਼ੇ ਖੋਲ ਦਿੱਤੇ ਜਿਸ ਨਾਲ ਬੱਚਿਆਂ ਦਾ ਰੁਝਾਨ ਬਾਹਰਲੇ ਦੇਸਾਂ ਵੱਲ ਹੋ ਗਿਆ। ਲੋਕ ਕਰਜ਼ੇ ਚੁੱਕ ਕੇ ਵੀ ਬੱਚਿਆਂ ਨੂੰ ਬਿਦੇਸਾਂ ਵਿੱਚ ਪੜਾਈ ਦੇ ਅਧਾਰ ਤੇ ਭੇਜ ਰਹੇ ਹਨ। ਆਸਟਰੇਲੀਆ ਨਿਊਜੀਲੈਂਡ ਅਤੇ ਕਨੇਡਾ ਲਈ ਲੋਕਾਂ ਵਿੱਚ ਜ਼ਿਆਦਾ ਖਿੱਚ ਹੈ। ਬਹੁਤ ਸਾਰੇ ਬੱਚੇ ਕਨੇਡਾ ਵਿੱਚ ਵੀ ਹਰ ਸਾਲ ਆ ਰਹੇ ਹਨ ਅਤੇ ਇਥੋਂ ਦੇ ਪੱਕੇ ਵਸਨੀਕ ਵੀ ਬਣ ਰਹੇ ਹਨ। ਹਰ ਇੱਕ ਚੰਗੇ ਜੀਵਨ ਲਈ ਤਾਂਘਦਾ ਹੈ ਇਹ ਹਰ ਜੀਵ ਦੀ ਪ੍ਰਵਿਰਤੀ ਹੈ।

-ਹਰਚੰਦ ਸਿੰਘ ਬਾਸੀ-

ਪੰਛੀ ਵੀ ਉਧਰ ਉੱਡ ਕੇ ਜਾਂਦਾ ਹੈ ਜਿਧਰ ਚੋਗਾ ਚੰਗਾ ਹੈ।

ਕੁੱਝ ਖੁਸ਼ੀਆਂ ਵੀ ਹਨ ਕਿ ਕਨੇਡਾ ਸਰਕਾਰ ਨੇ ਵਿਦਿਆਰਥੀਆਂ ਦੇ ਮਾਪਿਆਂ ਅਤੇ ਹੋਰ ਮਾਪਿਆਂ ਨੂੰ ਵੀ ਦਸ ਦਸ ਸਾਲ ਦਾ ਵਿਜਟਰ ਵੀਜ਼ਾ ਦੇਣ ਦੀ ਸਹੂਲਤ ਦਿਤੀ ਹੈ। ਕੁੱਝ ਬੱਚੇ ਬੇਸਮੈਂਟਾਂ ਵਿੱਚ ਰਹਿੰਦੇ ਹਨ ਅਤੇ ਆਪਣੇ ਮਾਂ ਬਾਪ ਨੂੰ ਵੀ ਨਾਲ ਰੱਖਦੇ ਹਨ। ਉਹ ਪੰਜ ਚਾਰ ਮਹੀਨੇ ਰਹਿ ਕੇ ਕੰਮ ਵੀ ਕਰ ਲੈਂਦੇ ਹਨ। ਆਪਣੇ ਖਰਚੇ ਪਾਣੀ ਤੋਂ ਵੱਧ ਕਮਾਈ ਵੀ ਕਰ ਲੈਂਦੇ ਹਨ।ਕੁੱਝ ਬੱਚੇ ਆਪਣੇ ਦੂਰ ਨੇੜ ਦੇ ਰਿਸ਼ਤੇਦਾਰਾਂ ਦੇ ਘਰ ਰਹਿੰਦੇ ਹਨ। ਅਜਿਹੇ ਘਰਾਂ ਦੀਆਂ ਕਹਾਣੀਆਂ ਵੀ ਸੁਨਣ ਨੂੰ ਮਿਲਦੀਆਂ ਹਨ। ਇੱਕ ਆਦਮੀ ਨੇ ਦੁਖੀ ਮਨ ਨਾਲ ਦੱਸਿਆ ਕਿ ਮੇਰੀਆਂ ਦੋ ਨੂੰਹਾਂ ਨੇ ਆਪਣੇ ਮਾਪਿਆਂ ਨੂੰ ਬੁਲਾ ਲਿਆ। ਮਾਂ ਬਾਪ ਨਾਲ ਇੱਕ ਇੱਕ ਬੇਟਾ ਵੀ ਆਇਆ ਹੈ। ਘਰ ਵਿੱਚ ਬੜੀ ਮੁਸ਼ਕਲ ਵਿੱਚ ਫਸੇ ਹਾਂ ਆਪਣੇ ਘਰ ਬੇਗਾਨੇ ਹੋਏ ਬੈਠੇ ਹਾਂ। ਜੇ ਬੋਲਦੇ ਹਾਂ ਤਾਂ ਘਰ ਵਿੱਚ ਲੜਾਈ ਪੈਂਦੀ ਹੈ। ਕਦੀ ਕਦੀ ਨੂੰਹ ਕਹਿ ਦਿੰਦੀ ਹੈ ਪਾਪਾ ਜੀ ਤੁਸੀਂ ਬੇਸਮੈਂਟ ਵਿੱਚ ਪੈ ਜਾਇਆ ਕਰੋ।ਉਦੋਂ ਮਨ ਬੜਾ ਦੁਖੀ ਹੁੰਦਾ ਹੈ ਘਰ ਦਾ ਮਾਲਕ ਬੇਸਮੈਂਟ ਵਿਚ ਅਤੇ ਬਾਹਰੋਂ ਆਇਆਂ ਨੇ ਕਮਰੇ ਮੱਲੇ ਹਨ। ਇਹ ਨਹੀਂ ਰਿਸ਼ਤੇਦਾਰਾਂ ਦਾ ਆਦਰ ਨਹੀਂ ਹੋਣਾ ਚਾਹੀਦਾ। ਬਿਲਕੁਲ ਚਾਹੀਦਾ ਹੈ ਪਰ ਇਸ ਦੀ ਵੀ ਕੁੱਝ ਹੱਦ ਹੁੰਦੀ ਹੈ।ਇਹ ਦੋ ਚਾਰ ਦਿਨ ਦਾ ਕੰਮ ਨਹੀਂ ਖਵਰੇ ਦਸ ਸਾਲ ਇਉਂ ਹੀ ਲੰਘਣੇ ਹਨ। ਘਰ ਦੀ ਕੋਈ ਪਰਾਈਵੇਸੀ ਨਹੀਂ। ਚੋਰਾਂ ਵਾਂਗ ਘਰ ਦੀ ਗੱਲ ਕਰਦੇ ਹਾਂ। ਖਰਚ ਘਰ ਦਾ ਕਮਾਈ ਉਹਨਾਂ ਦੀ।ਉਹਨਾਂ ਘਰ ਦੇ



ਕੰਮ ਵਿੱਚ ਵੀ ਹੱਥ ਨਹੀਂ ਵਟਾਉਣਾ। ਇੱਕ ਘਰ ਦੀ ਨਹੀਂ ਬਹੁਤ ਘਰਾਂ ਦੀਆਂ ਕਹਾਣੀਆਂ ਸੁਨਣ ਨੂੰ ਮਿਲਦੀਆਂ ਹਨ। ਇੰਡੀਆ ਜਾਣ ਲੱਗੇ ਕਹਿ ਜਾਂਦੇ ਹਨ ਅਸੀਂ ਦੋ ਤਿੰਨ ਮਹੀਨਿਆਂ ਨੂੰ ਫਿਰ ਆ ਜਾਵਾਂਗੇ।

ਇੱਕ ਦੂਸਰਾ ਕਹਿੰਦਾ ਜਦ ਆਉਣਾ ਹੋਵੇ ਪਲਿਓਂ ਇੱਕ ਮਹੀਨੇ ਦਾ ਕਿਰਾਇਆ ਦੇ ਕੇ ਬੇਸਮੈਂਟ ਲੈ ਰੱਖੋ ਆਉਂਦਿਆਂ ਨੂੰ ਬੇਸਮੈਂਟ ਵਿੱਚ ਛੱਡ ਕੇ ਇੱਕ ਮਹੀਨੇ ਦੀ ਗਰੌਸਰੀ ਵੀ ਲੈ ਦਿਉ। ਇਹ ਚੰਗਾ ਹੈ। ਦੂਜਾ ਕਹਿੰਦਾ ਅਸੀਂ ਇਵੇਂ ਕੀਤਾ ਸੀ। ਸਾਡੀ ਨੂੰਹ ਜਦ ਗਰੌਸਰੀ ਲੈਣ ਜਾਂਦੀ ਤਾਂ ਪਹਿਲਾਂਮਾਂ ਬਾਪ ਦੇ ਘਰ ਗਰੌਸਰੀ ਲੈ ਕੇ ਦੇ ਆਉਂਦੀ।ਫਿਰ ਘਰ ਆਪਣੀ ਗਰੌਸਰੀ ਲਿਆਉਂਦੀ। ਮਾਰਕਸ ਨੇ ਵਿਰੋਧ ਦੇ ਵਿਕਾਸ ਦੀ ਥਿਉਰੀ ਦਿਤੀ ਹੈ ਹਮੇਸ਼ਾਂ ਢੁਕਵੀਂ ਹੈ। ਇੱਕ ਦੇ ਕਾਰਨ ਦੂਸਰੇ ਹਾਲਾਤ ਪੈਦਾ ਹੋ ਜਾਂਦੇ ਹਨ। ਇਹ ਸਾਰਾ ਸਮਝ ਤੇ ਨਿਰਭਰ ਕਰਦਾ ਹੈ। ਕੁੱਝ ਲੋਕ ਇਹਨਾਂ ਰਿਸ਼ਤਿਆਂ ਦੀ ਪਵਿਤਰਤਾ ਨੂੰ ਬਰਕਰਾਰ ਰੱਖਣ ਲਈ ਸਮਝ ਤੋਂ ਕੰਮ ਲੈਂਦੇ ਹਨ ਇਥੇ ਆਏ ਨੂੰ ਕੁੱਝ ਸਮੇਂ ਲਈ ਸਹੂਲਤ ਮਿਲਣ ਦਾ ਧੰਨਵਾਦ ਵੀ ਕਰਦੇ ਹਨ ਅਤੇ ਸਮੇਂ ਸਿਰ ਆਪਣੀ ਵੱਖਰੀ ਰਿਹਾਇਸ਼ ਵੀ ਕਰ ਲੈਂਦੇ ਹਨ।ਜੋ ਬਹੁਤਾ ਸਮਾਂ ਟੇਕ ਰੱਖਦੇ ਹਨ ਉਹ ਆਖਰ ਲੜ ਕੇ ਰਿਸ਼ਤੇਦਾਰੀ ਵਿੱਚ ਫਿੱਕ ਪਾ ਕੇ ਵੱਖਰੀ ਰਿਹਾਇਸ਼ ਕਰਦੇ ਹਨ। ਖਾਸ ਕਰਕੇ ਧੀ ਦਾ ਮਾਨ ਇੱਜ਼ਤ ਵੀ ਘਟਾਉਂਦੇ ਹਨ।

ਇਸ ਤਰ੍ਹਾਂ ਦੀਆਂ ਕਹਾਣੀਆਂ ਬਹੁਤ ਹਨ ਕਈ ਬੱਚੇ ਘਰ ਪਰੀਵਾਰ ਵਿੱਚ ਘੁਲ ਮਿਲ ਕੇ ਘਰ ਦੇ ਕੰਮਕਾਰ ਵਿੱਚ ਵੀ ਹੱਥ ਵਟਾਉਂਦੇ ਹਨ । ਉਹਨਾਂ ਬੱਚਿਆਂ ਨੂੰ ਰੱਖਣਾ ਕੋਈ ਔਖਾ ਨਹੀਂ ਕੁੱਝ ਬੱਚੇ ਵਕਤ ਅਤੇ ਹਾਲਾਤਾਂ ਦੀ ਨਬਜ਼ ਨੂੰ ਨਹੀ ਪਕੜਦੇ। ਉਹ ਬੇਪ੍ਰਵਾਹੀ ਨਾਲ ਘਰ ਵਿੱਚ ਰਹਿੰਦੇ ਹਨ।ਇੱਕ ਆਦਮੀ ਨੇ ਦੱਸਿਆ ਕਿ ਮੇਰੀ ਘਰ ਵਾਲੀ ਦੀ ਭਰਜਾਈ ਦਾ ਭਤੀਜਾ ਸਾਡੇ ਘਰ ਰਹਿੰਦਾ ਹੈ। ਉਸ ਨੂੰ ਅਵਾਜਾਂ ਮਾਰ ਕੇ ਰੋਟੀ ਖੁਆਈਦੀ ਹੈ।ਬਾਹਰੋਂ ਆਉਂਦਾ ਹੈ ਆਪਣੇ ਕਮਰੇ ਵਿੱਚ ਬਹਿ ਕੇ ਫੋਨ ਤੇ ਲੱਗਾ ਰਹਿੰਦਾ ਹੈ। ਘਰ ਵਿੱਚ ਕੋਈ ਛੋਟੀ ਮੋਟੀ ਗੱਲ ਵੀ ਕਹੀ ਜਾਏ ਤਾਂ ਮਗਰ ਪਹੁੰਚਾ ਦਿੰਦਾ ਹੈ। ਮਾਪੇ ਉਸ ਦੀ ਗੱਲ ਦਾ ਯਕੀਨ ਕਰਦੇ ਹਨ ਇਸ ਨਾਲ ਸਾਡੇ ਘਰ ਕੁੜ ਕੁੜ ਹੁੰਦੀ ਰਹਿੰਦੀ ਹੈ। ਘਰ ਵਾਲੀ ਭਰਜਾਈ ਨਾਲ ਰਿਸ਼ਤਾ ਵਿਗੜਨੋਂ ਡਰਦੀ ਹੈ। ਅਜਿਹੇ ਹਾਲ ਵਿੱਚ ਭਰਾਵੋ ਦੜ ਵੱਟ ਜਮਾਨਾ ਕੱਟ ਕਹਿ ਹੀ ਸਮਾਂ ਲੰਘਾਈਦਾ ਹੈ।

ਦੂਰ ਪ੍ਰਦੇਸਾਂ ਵਿੱਚ ਰਿਸ਼ਤੇਦਾਰਾਂ ਦਾ ਆਸਰਾ ਵੀ ਆਦਮੀ ਟੋਲਦਾ ਹੈ। ਆਸਰਾ ਦੇਣਾ ਸ਼ੁਭ ਕਰਮ ਵੀ ਹੈ। ਪਰ ਇਹ ਗੱਲ ਵੀ ਧੁਰੋਂ ਬਣੀ ਆਈ ਹੈ ਇੱਕ ਦਿਨ ਪਰਾਹੁਣਾ ਦੂਜੇ ਦਿਨ ਧਰਾਹੁਣਾ ਤੀਜੇ ਦਿਨ ਦਾਦੇ ਮੰਗਾਉਣਾ। ਕਨੇਡਾ ਵਿੱਚ ਦੂਰੋਂ ਆਇਆ ਕਰਕੇ ਦਿਨਾਂ ਤੋਂ ਹਫਤਿਆ ਦੇ ਪੈਮਾਨੇ ਵਿੱਚ ਬਦਲਿਆ ਗਿਆ ਹੈ। ਮਹੀਨੇ ਕੁ ਪਿੱਛੋਂ ਬੋਝ ਸਮਝਿਆ ਜਾਂਦਾ ਹੈ।ਕੁਝ ਰਿਸ਼ਤਿਆਂ ਨੂੰ ਛੱਡ ਕੇ ਇਹ ਹਕੀਕਤ ਹੈ ਚਾਹੇ ਇਸ ਨੂੰ ਕੋਈ ਕਿੰਨਾ ਹੀ ਲੁਕਾਉਣ ਦੀ ਕੋਸ਼ਿਸ਼ ਕਰੇ। ਜਿਸ ਨੂੰ ਬੁਰਾ ਲੱਗੇ ਖਿਮਾ ਦਾ ਜਾਚਕ ਹਾਂ।

## ਹਲਕਾ ਫੁਲਕਾ

ਪਤੀ (ਪਤਨੀ ਨੂੰ), ''ਕੰਮ ਲਈ ਬਾਈ ਰੱਖ ਲਵਾਂ? ਤੂੰ ਥੱਕ ਜਾਂਦੀ ਏਂ?''
ਪਤਨੀ, ''ਨਹੀਂ ਚਾਹੀਦੀ।''
ਪਤੀ, ''ਕਿਉਂ?''
ਪਤਨੀ, ''ਤੁਹਾਡੀ ਆਦਤ ਮੈਂ ਚੰਗੀ ਤਰ੍ਹਾਂ ਜਾਣਦੀ ਹਾਂ, ਪਹਿਲਾਂ ਮੈਂ ਵੀ ਬਾਈ ਹੀ ਲੱਗੀ ਸੀ।''

*********

ਗੁਪਤਾ ਜੀ ਬਾਰਬਰ ਕੋਲ ਸ਼ੇਵ ਬਣਵਾਉਣ ਗਏ ਅਤੇ ਬੋਲੇ, ''ਮੇਰੀਆਂ ਗੱਲ੍ਹਾਂ 'ਤੇ ਟੋਏ ਹਨ, ਜਿਸ ਕਾਰਨ ਸ਼ੇਵ ਠੀਕ ਤਰ੍ਹਾਂ ਨਹੀਂ ਬਣਦੀ, ਕੁਝ ਵਾਲ ਰਹਿ ਜਾਂਦੇ ਹਨ।''
ਬਾਰਬਰ ਨੇ ਦਰਾਜ ਵਿੱਚੋਂ ਲੱਕੜ ਦੀ ਗੋਲੀ ਕੱਢੀ ਤੇ ਬੋਲਿਆ, ''ਇਸ ਨੂੰ ਦੰਦਾਂ ਵਿਚਾਲੇ ਗੱਲ੍ਹਾਂ ਵੱਲ ਦਬਾ ਲਓ।''
ਗੁਪਤਾ ਜੀ ਨੇ ਇਸੇ ਤਰ੍ਹਾਂ ਕੀਤਾ। ਇੱਕ ਪਾਸੇ ਸ਼ੇਵ ਬਣਾਉਣ ਤੋਂ ਬਾਅਦ ਲੱਕੜ ਦੀ ਗੋਲੀ ਦੂਜੇ ਪਾਸੇ ਕਰਦਿਆਂ ਉਨ੍ਹਾਂ ਸ਼ੱਕ ਜ਼ਾਹਿਰ ਕਰਦਿਆਂ ਕਿਹਾ, ''ਜੇ ਇਹ ਗੋਲੀ ਪੇਟ ਵਿੱਚ ਚਲੀ ਗਈ ਤਾਂ...?''
ਬਾਰਬਰ, ''...ਤਾਂ ਕੀ? ਕੱਲ੍ਹ ਵਾਪਸ ਕਰ ਦਿਓ, ਜਿਵੇਂ ਹੋਰ ਲੋਕ ਵਾਪਸ ਕਰ ਜਾਂਦੇ ਹਨ।''
ਉਸ ਦੇ ਬਾਅਦ ਗੁਪਤਾ ਜੀ ਦੋ ਦਿਨ ਵਿੱਚ 200 ਵਾਰ ਚੂਲੀ ਕਰ ਚੁੱਕੇ ਹਨ।

*********

ਨੀਰਜ, ''ਚਾਰ ਚੀਜ਼ਾਂ ਇਨਸਾਨ ਨੂੰ ਕਦੇ ਖੁਸ਼ ਨਹੀਂ ਰੱਖ ਸਕਦੀਆਂ।''
ਰਵੀ, ''ਕਿਹੜੀਆਂ?''
ਨੀਰਜ, ''ਕਾਰ, ਮੋਬਾਈਲ, ਟੀ ਵੀ ਤੇ ਪਤਨੀ, ਕਿਉਂਕਿ ਅਕਸਰ ਇਨ੍ਹਾਂ ਦੇ ਲੇਟੈਸਟ ਮਾਡਲ ਦੂਜਿਆਂ ਕੋਲ ਹੁੰਦੇ ਹਨ।''

# ਕੀ ਜੂਆ ਖੇਡਣਾ ਕੋਈ ਦੁਆਈ ਖਾਣ ਯੋਗ ਰੋਗ ਹੈ?

-ਅਜੀਤ ਸਿੰਘ ਰੱਖੜਾ-

'ਜੂਆ ਖੇਡਣਾ ਮਾੜਾ ਹੁੰਦਾ ਹੈ, ਕਿਓਕਿ ਬੰਦਾ ਜੂਏ ਵਿਚ ਪਾਡਵਾਂ ਵਾਂਗ ਆਪਣੀ ਘਰ ਵਾਲੀ ਵੀ ਹਾਰ ਸਕਦਾ ਹੈ' ਇਸ ਅਖਾਉਤ ਤੋਂ ਅਗੇ ਪਿਛੇ ਜੂਏ ਬਾਰੇ ਮੇਰੀ ਜਾਣਕਾਰੀ ਵਿਚ ਕੁਝ ਨਹੀਂ ਸੀ। ਜਾਂ ਐਨਾ ਕੁ ਯਾਦ ਹੈ ਕਿ 50-60 ਸਾਲ ਪਹਿਲਾਂ ਦੀਵਾਲੀ ਦੇ ਦਿਨਾ ਵਿਚ ਜੂਏ ਖਾਤਰ ਤਾਸ਼ ਖੇਡਦੇ ਗਰੁਪਾਂ ਨੂੰ ਪੁਲੀਸ ਦੇ ਸਿਪਾਹੀ ਬੈਤਾਂ ਮਾਰਕੇ ਭਜਾ ਦਿਆ ਕਰਦੇ ਸਨ। ਪਰ ਜੂਆ ਇਕ ਐਸਾ ਰੋਗ ਹੈ ਜਿਸ ਖਾਤਰ ਦੁਆਈ ਵੀ ਖਾਣੀ ਪੈ ਸਕਦੀ ਹੈ, ਇਸ ਅਲੋਕਾਰੀ ਗਲ ਦੀ ਖੋਜ ਕਰਨ ਦਾ ਸਬੱਬ ਉਦੋਂ ਬਣਿਆ ਜਦ ਇਕ ਅਸਮਾਨੀ ਬਿਜਲੀ ਗੜਕਣ ਵਰਗੀ ਖਬਰ ਸੁਣੀ ਕਿ ਆਪਣੇ ਐਪੀ ਰਾਜ ਗ੍ਰੇਵਾਲ ਨੇ ਆਪਣੀ ਇਸ ਬੀਮਾਰੀ ਦਾ ਇਲਾਜ ਕਰਵਾਉਣ ਖਾਤਰ ਆਪਣੀ ਉਚਕੋਟੀ ਰੁਤਬੇ (ਐਮੀ ਪੀ ) ਦੀ ਪਦਵੀ ਤੋਂ ਰੀਜ਼ਾਈਨ ਕਰ ਦਿਤਾ ਹੈ। ਪਹਿਲੋਂ ਤਾਂ ਐਦਾਂ ਲਗਿਆ ਕਿ ਇਹ ਕੋਈ ਗਲਤ ਬਿਆਨੀ ਹੈ। ਗਲ ਕੋਈ ਹੋਰ ਹੋਣੀ ਹੈ ਅਤੇ ਬਹਾਨਾ ਇਹ ਬਣਾਤਾ ਹਊ! ਪਰ ਜਦ ਇਸ ਬਾਰੇ ਗੂਗਲ ਬਾਬੇ ਤੋਂ ਪੁਛਿਆ ਯਾਨੀ ਗੂਗਲ ਸਰਚ ਕੀਤੀ ਤਾਂ ਪਤਾ ਚਲਿਆ ਕਿ ਇਹ ਤਾਂ ਇਕ ਐਸੀ ਨਾ ਮੁਰਾਦ ਬੀਮਾਰੀ ਹੈ ਜਿਸ ਨਾਲ ਬੰਦਾ ਡੀਪਰੈਸ਼ਨ ਵਿਚ ਵੀ ਚਲੇ ਜਾਂਦਾ ਹੈ ਅਤੇ ਖੁਦਕੁਸ਼ੀ ਵੀ ਕਰ ਸਕਦਾ ਹੈ। ਆਪਣੇ ਪੰਜਾਬੀ ਸਪੁਤਰ ਨਾਲ ਹਮਦਰਦੀ ਪੈਦਾ ਹੋ ਗਈ। ਯਾਦ ਰਹੇ ਕਿ ਇਸ ਅਡਿਕਸ਼ਨ (ਅਮਲ) ਵਿਚ ਜਾਂ ਡਰੱਗ ਅਡਿਕਸ਼ਨ ਵਿਚ ਕੋਈ ਅੰਤਰ ਨਹੀਂ ਹੈ। ਅਡਿਕਸ਼ਨ ਦੇ ਮਤਲਬ ਜਾਣਕੇ ਵੀ ਗਿਆਨ ਹੋਰ ਡੂੰਘਾ ਹੋਇਆ।

ਅਡਿਕਸ਼ਨ ਉਸ ਆਦਿਤ ਦਾ ਨਾਮ ਹੈ ਜਿਸ ਤੋਂ ਬੰਦਾ ਮਜਬੂਰ ਹੋ ਜਾਦਾ ਹੈ ਅਤੇ ਬਾਰ ਬਾਰ ਉਸਦੀ ਗ੍ਰਿਫਤ ਵਿਚ ਆਉਂਦਾ ਰਹਿੰਦਾ ਹੈ। ਇਕ ਤਰ੍ਹਾ ਨਾਲ ਕੋਈ ਵੀ ਅਮਲ ਬੰਦੇ ਦੀ ਇਛਾ ਸ਼ਕਤੀ ਨੂੰ ਕਮਯੋਰ ਕਰਦਾ ਹੈ ਅਤੇ ਬੰਦਾ ਮਾਨਸਿਕ ਤੌਰ ਉਪਰ ਗਲਾਮ ਹੋ ਜਾਂਦਾ ਹੈ। ਕਨੇਡਾ ਇਕ ਐਸਾ ਮੁਲਕ ਹੈ ਜਿਥੇ ਨਿਯਮਾ, ਮ੍ਰਯਾਦਾਵਾਂ ਅਤੇ ਕਨੂੰਨ ਦਾ ਰਾਜ ਹੈ। ਮਨਖੀ ਅਧਿਕਾਰਾ ਦੇ ਚਲਦਿਆਂ ਕੋਈ ਬੰਦਾ, ਕਿਸੇ ਵੀ ਰਾਜਨੀਤਕ ਪਦਵੀ ਲਈ ਆਪਣੀ ਨਾਮਜਦਗੀ ਕਰਨ ਦਾ ਹੱਕ ਰਖਦਾ ਹੈ। ਮਾਂਤ੍ਹੜ ਤੁਮ੍ਹਾਂਤੜ ਵੀ ਪਰਾਈਮ ਮਨਿਸਟਰ ਟਰੂਡੋ ਦੀ ਜਗਾਹ ਖੋਹ ਲੈਣ ਦਾ ਹੱਕ ਰਖਦੇ ਹਨ। ਪਰ ਜੋ ਅਖਲਾਕੀ ਮ੍ਰਯਾਦਾਵਾਂ ਇਨ੍ਹਾ ਰਾਜਨੀਤਕ ਅਸਾਮੀਆਂ ਲਈ ਜਰੂਰੀ ਹੁੰਦੀਆ ਹਨ, ਉਨ੍ਹਾ ਵਿਚ ਬਹੁਤੇ ਰਾਜਨੀਤਕ ਫਿਹਲ ਹੋ ਜਾਂਦੇ ਹਨ। ਕਿਓ ਕਿ ਵੋਟ ਨੀਤੀ ਕਾਰਣ ਇਹ ਵਕਾਰੀ ਪਦਵੀਆਂ ਲੈ ਲੈਣਾ ਜਿਨ੍ਹਾ ਸੌਖਾ ਹੁੰਦਾ ਹੈ, ਉਸਤੋਂ ਕਿਤੇ ਵਧ ਇਨ੍ਹਾ ਨੂੰ ਸੰਭਾਲਣਾ ਔਖਾ ਹੁੰਦਾ ਹੈ। ਮਾੜੀ ਗਲ ਇਹ ਕਿ ਇਨ੍ਹਾ ਬਾਰੇ ਟਰੇਨਿੰਗ ਦਾ ਵੀ ਸਰਕਾਰੀ ਤੌਰ ਉਪਰ ਕੋਈ ਬੰਦੋਬਸਤ ਨਹੀਂ ਕੀਤਾ ਜਾਂਦਾ। ਜੇ ਮਰਜੀ ਹੋਵੇ ਤਾਂ ਤੁਹਾਨੂੰ ਖੁਦ ਹੀ ਸਭ ਕੁਝ ਸਿਖਣਾ ਪੈਂਦਾ ਹੈ। ਸਰਕਾਰੀ ਤੌਰ ਉਪਰ ਬਸ ਸ਼ਪਤ ਚੁਕ ਲੈਣ ਤੋਂ ਬਾਅਦ ਸਵਾਰੀ ਆਪਣੇ ਮਾਲ ਦੀ ਖੁਦ ਜਿਮੇਦਾਰ ਹੋਣ ਵਾਲੀ ਗਲ ਹੋ ਜਾਂਦੀ ਹੈ।

ਕਈ ਵਾਰ ਖਬਰਾਂ ਵਿਚ ਪੜੀਦਾ ਹੈ ਕਿ ਫਲਾਣੇ ਰਾਜਨੀਤਕ ਨੇ ਆਪਣੀ ਫਲਾਂ ਪੋਸਟ ਤੋਂ ਰੀਜ਼ਾਈਨ ਕਰ ਦਿਤਾ ਹੈ ਕਿਓਂ ਕਿ ਉਸ ਉਪਰ ਫਲਾਂ ਦੋਸ਼ ਲਗਾ ਸੀ। ਪੜ੍ਹਨ ਵਾਲੇ ਨੂੰ ਬੜਾ ਚੰਗਾ ਲਗਦਾ ਹੈ ਕਿ ਬੰਦੇ ਨੇ ਬੜੀ ਈਮਾਨਦਾਰੀ ਵਖਾਈ ਹੈ। ਪਰ ਇਸ ਤਰ੍ਹਾ ਕਰਨਾ ਮਜਬੂਰੀ ਬਣ ਜਾਂਦੀ ਹੈ। ਤੁਸੀ ਅੜੋਗੇ ਤਾਂ ਵਿਰੋਧੀਆ ਨੇ ਤੁਹਾਡਾ ਧੂਆਂ ਕਢ ਦੇਣਾ ਹੈ। ਜਦ ਅੰਟਾਰੀਓ ਵਿਚ ਲਿਬਰਲ ਪਾਰਟੀ ਦੀ ਹਾਰ ਹੋਈ ਤਾਂ ਕੈਥਲੀਨ ਵਿਨ ਨੇ ਝਟ ਪਾਰਟੀ ਲੀਡਰਸ਼ਿਪ ਤੋਂ ਅਸਤੀਫਾ ਦੇ ਦਿਤਾ ਸੀ। ਪਰਾਈਮ ਮਨਿਸਟਰ ਹਾਰਪਰ ਹੋਰੀਂ ਵੀ ਹਾਰ ਜਾਣ ਬਾਅਦ ਪਤਾ ਨਹੀਂ ਅਜਕਲ ਕੀ ਕਰਦੇ ਫਿਰਦੇ ਹਨ ਕਿਸੇ ਨੂੰ ਕੁਝ ਨਹੀਂ



ਪਤਾ। ਮੇਅਰ ਸੂਜ਼ਨ ਫੈਨਲ ਜਦ ਹਾਰੀ ਤਾਂ ਉਸ ਬਾਰੇ ਕੋਈ ਖਬਰ ਹੀ ਨਹੀਂ ਸੁਣੀ ਕਿ ਅਜਕਲ ਕਿਥੇ ਹੈ। ਕਨੇਡਾ ਵਿਚ 'ਰਾਜਨੀਤਕ ਅਰਸਾ' ਪਾਣੀ ਦੇ ਬੁਲਬੁਲੇ ਦੀ ਨਿਆਈ ਹੁੰਦਾ ਹੈ। ਅਜ ਸਭ ਕੁਝ ਹੈ ਪਰ ਕਲ ਨੂੰ ਕੁਝ ਨਹੀਂ ਰਹਿਣਾ, ਕਿਸੇ ਨਾਲ ਵੀ ਹੋ ਸਕਦਾ ਹੈ।

ਰਾਜਨੀਤਕ ਹੋਣ ਲਈ ਬੰਦੇ ਦਾ ਸਰਬ ਪੱਖੀ ਹੋਣਾ ਬਹੁਤ ਅਹਿਮ ਹੈ। ਕਿਸੇ ਵੀ ਕਨੇਡੀਅਨ ਰਾਜਨੀਤਕ ਨੇ 150 ਤੋਂ ਵਧ ਮੁਲਕਾਂ ਤੋਂ ਆਏ ਲੋਕਾਂ ਵਿਚ ਵਿਚਰਨਾ ਹੁੰਦਾ ਹੈ। ਮਨ ਦਾ ਮੋਕਲਾਪਨ ਉਸਤੋਂ ਵੀ ਜਰੂਰੀ ਹੈ ਕਿਓਂ ਕਿ
ਸਭ ਧਰਮਾ ਦੇ ਲੋਕਾਂ ਨਾਲ ਵਾਹ ਪੈਣਾ ਹੁੰਦਾ ਹੈ, ਅਤੇ ਕਿਸੇ ਕਿਸਮ ਦੀ ਅਡਿਕਸ਼ਨ ਤਾਂ ਐਥੇ ਚਲ ਹੀ ਨਹੀਂ ਸਕਦੀ ਕਨੇਡਾ ਵਿਚ। ਯਾਦ ਰਹੇ ਕਿ ਬਹੁਤਾ ਜ਼ਿਆਦਾ ਧਾਰਮਿਕ ਹੋਣਾ ਵੀ ਇਕ ਅਡਿਕਸ਼ਨ ਹੈ, ਧੜੇਬਾਜੀਆਂ ਬਣਾਕੇ ਵਿਚਰਨਾ ਬਹੁਤ ਹੀ ਮਾੜਾ ਸਮਾਜਕ ਕਰਮ ਹੈ ਅਤੇ ਵਖਬਾਦੀ ਹੋਣਾ ਤਾਂ ਇਕ ਘੋਰ ਪਾਪ ਵਰਗਾ ਵਰਤਾਰਾ ਹੈ ਇਸ ਚੰਗੇ ਮੁਲਕ ਦੀ ਸਿਆਸਤ ਵਿਚ। ਸਾਡੇ ਪੰਜਾਬੀ ਰਾਜਨੀਤਕਾਂ ਲਈ ਇਹ ਇਕ ਬਹੁਤ ਵਡਾ ਚੈਲਿੰਜ ਹੈ ਕਿਓਂਕਿ ਦਸੇ ਗਏ ਸਭ ਐਬ ਥੋਹੜੇ ਜਾਂ ਬਹੁਤੇ ਸਭ ਵਿਚ ਹਨ। ਵੇਖੋ ਕਿਸ ਕਿਸ ਹੋਰ ਦੀ ਅਡਿਕਸ਼ਨ ਰੰਗ ਵਿਖਾਉਂਦੀ ਹੈ ਆਉਣ ਵਾਲੇ ਸਮੇ ਵਿਚ!


## ਆਫਿਸ ਵਿੱਚ ਨੌਕਰੀ ਕਰਨ ਦਾ ਸੁਨਹਿਰੀ ਮੌਕਾ
### ਬਿੱਲਿੰਗ ਤੇ ਆਡਰ ਫੁਲਫਿਲਮੈਂਟ ਲਈ ਕਲਰਕ ਦੀ ਲੋੜ ਹੈ

- ਸਵੇਰ ਤੇ ਸ਼ਾਮ ਦੀਆਂ ਸ਼ਿਫਟਾਂ
- $14 ਤੋਂ $16 ਡਾਲਰ ਤੱਕ ਦੀ ਤਨਖ਼ਾਹ
- ਬੇਸਿਕ ਅੰਗਰੇਜ਼ੀ ਦੀ ਲੋੜ
- ਸਟੂਡੇਂਟ ਤੇ ਨਵੇਂ ਇੰਮੀਗ੍ਰੇਂਟ ਵੀ ਅਪਲਾਈ ਕਰ ਸਕਦੇ ਹਨ



- Process Customer Orders and Plan deliveries
- Issue Invoices and Monthly Customer Statements, Process Credit Memos
- Track Shipping log and invoices
- Report Activity to upper management
- Perform clerical duties, purchase, track and invoice office supplies

Please send your resume by email at siva@srimi.com or by fax at +1 647-351-7157 or call Ram at +1 647-831-9149 (Morning) or Siva at +1 416-666-8525 (Evening).

# 17 ਡਿਮੋਟ ਪ੍ਰਿੰਸੀਪਲਾਂ ਨੂੰ ਕੋਰਟ ਤੋਂ ਪ੍ਰਿੰਸੀਪਲ ਦਾ ਅਹੁਦਾ ਫਿਰ ਮਿਲਿਆ

ਜਗਰਾਓਂ, 27 ਨਵੰਬਰ (ਪੋਸਟ ਬਿਊਰੋ)- ਇਸੇ ਸਾਲ 27 ਮਾਰਚ ਨੂੰ ਪ੍ਰਮੋਸ਼ਨ ਦੇ ਕੇ ਲੈਕਚਰਾਰ ਤੋਂ ਪ੍ਰਿੰਸੀਪਲ ਬਣਾ ਕੇ ਸਰਕਾਰੀ ਕਾਲਜਾਂ ਵਿੱਚ ਜੁਆਇਨ ਕਰਵਾਏ 17 ਪ੍ਰਿੰਸੀਪਲਾਂ ਨੂੰ ਡਿਮੋਟ ਕਰ ਕੇ ਲੈਕਚਰਾਰ ਬਣਾਉਣ ਦਾ ਹਾਈ ਕੋਰਟ ਦਾ ਫੈਸਲਾ ਕੱਲ੍ਹ ਹਾਈ ਕੋਰਟ ਦੇ ਡਬਲ ਬੈਂਚ ਨੇ ਬਦਲ ਦਿੱਤਾ। ਹਾਈ ਕੋਰਟ ਦੇ ਡਬਲ ਬੈਂਚ ਵਿੱਚ ਸ਼ਾਮਲ ਚੀਫ ਜਸਟਿਸ ਕ੍ਰਿਸ਼ਨਾ ਮੁਰਾਰੀ ਤੇ ਜਸਟਿਸ ਅਰੁਣ ਪੱਲੀ ਦੇ ਫੈਸਲੇ ਨਾਲ ਸਾਰੇ 17 ਸਰਕਾਰੀ ਕਾਲਜਾਂ ਨੂੰ ਉਨ੍ਹਾਂ ਦੇ ਪੁਰਾਣੇ ਪ੍ਰਿੰਸੀਪਲ ਮਿਲ ਗਏ। ਇਹੀ ਨਹੀਂ ਹਾਈ ਕੋਰਟ ਦੀ ਡਬਲ ਬੈਂਚ ਦੇ ਤਾਜ਼ਾ ਫੈਸਲੇ ਪਿੱਛੋਂ ਪੰਜਾਬ ਸਰਕਾਰ ਦੀ ਸਾਖ ਬਚੀ ਅਤੇ ਸਾਰੇ ਬਹਾਲ ਹੋਏ ਪ੍ਰਿੰਸੀਪਲਾਂ ਵਿੱਚ ਵੀ ਖੁਸ਼ੀ ਦੀ ਲਹਿਰ ਦੋ ਮਹੀਨੇ ਬਾਅਦ ਵਾਪਸ ਪਰਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਮਹਿੰਦਰਾ ਕਾਲਜ ਪਟਿਆਲਾ ਦੇ ਲੈਕਚਰਾਰ ਮਨਜੀਤ ਸਿੰਘ ਨੇ ਹਾਈ ਕੋਰਟ ਵਿੱਚ ਰਿੱਟ ਪਟੀਸ਼ਨ ਦਿੱਤੀ ਸੀ। ਮਨਜੀਤ ਸਿੰਘ ਸੈਣੀ ਅਤੇ ਹੋਰਨਾਂ ਵਿਚਾਲੇ ਚੱਲੇ



ਕੇਸ 'ਤੇ ਫੈਸਲਾ ਸੁਣਾਉਂਦੇ ਹੋਏ ਹਾਈ ਕੋਰਟ ਦੀ ਸਿੰਗਲ ਬੈਂਚ ਨੇ ਤਿੰਨ ਮਹੀਨੇ ਪਹਿਲਾਂ ਅਗਸਤ ਵਿੱਚ ਪੰਜਾਬ ਦੇ 17 ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਡਿਮੋਟ ਕਰ ਕੇ ਵਾਪਸ ਲੈਕਚਰਾਰ ਬਣਾਇਆ ਸੀ, ਜਿਸ ਦੇ ਬਾਅਦ ਸਿਖਿਆ ਵਿਭਾਗ ਦੇ ਸਕੱਤਰ ਆਈ ਐਸ ਮੀਨਾ ਨੇ ਨੋਟਿਸ ਜਾਰੀ ਕਰ ਕੇ 21 ਅਕਤੂਬਰ ਨੂੰ ਸਭ ਨੂੰ ਵਾਪਸ ਪ੍ਰਿੰਸੀਪਲਾਂ ਤੋਂ ਲੈਕਚਰਾਰ ਜੁਆਇਨ ਕਰਨ ਨੂੰ ਕਿਹਾ ਸੀ। ਪ੍ਰਿੰਸੀਪਲਾਂ ਤੋਂ ਲੈਕਚਰਾਰ ਡਿਮੋਟ ਹੋਏ ਸਾਰੇ 17 ਪ੍ਰਿੰਸੀਪਲਾਂ ਨੇ ਹਾਈ ਕੋਰਟ ਦੇ ਇਸ ਫੈਸਲੇ ਖਿਲਾਫ ਭਾਵੇਂ ਸੁਪਰੀਮ ਕੋਰਟ ਵਿੱਚ ਰਿੱਟ ਦਿੱਤੀ ਸੀ, ਪਰ ਉਸ ਸਮੇਂ ਉਥੋਂ ਸਟੇਅ ਨਾ ਮਿਲਣ ਕਾਰਨ ਉਨ੍ਹਾਂ ਨੂੰ ਬਤੌਰ ਲੈਕਚਰਾਰ ਵਾਪਸ ਜੁਆਇਨ ਕਰਨਾ ਪਿਆ ਸੀ।

ਇਸ ਦੇ ਇਲਾਵਾ ਇਸ ਕੇਸ ਦੀ ਸੁਣਵਾਈ ਨਾਲੋ ਨਾਲ ਹਾਈ ਕੋਰਟ ਵਿੱਚ ਚੱਲ ਰਹੀ ਸੀ। ਇਹੀ ਨਹੀਂ ਉਸ ਸਮੇਂ ਡਿਮੋਟ ਹੋਏ ਪ੍ਰਿੰਸੀਪਲਾਂ ਵਿੱਚੋਂ ਕੁਝ ਛੁੱਟੀ ਚਲੇ ਗਏ ਤੇ ਅਕਤੂਬਰ ਵਿੱਚ ਹੋਣ ਵਾਲੀ ਸੁਣਵਾਈ ਦਾ ਇੰਤਜ਼ਾਰ ਕਰ ਰਹੇ ਸਨ, ਜਿਸ ਵਿੱਚ ਉਨ੍ਹਾਂ ਨੂੰ ਬਹਾਲੀ ਮਿਲ ਗਈ। ਪਹਿਲਾਂ ਆਪਣਾ ਪੱਖ ਸਹੀ ਤਰੀਕੇ ਨਾਲ ਨਾ ਰੱਖਣ ਦੇ ਕਾਰਨ ਕੇਸ ਹਾਰੀ ਪੰਜਾਬ ਸਰਕਾਰ ਵੀ ਇਸ ਕੇਸ ਵਿੱਚ ਪਾਰਟੀ ਸੀ ਅਤੇ ਕੋਰਟ ਵਿੱਚ ਪੰਜਾਬ ਸਰਕਾਰ ਦਾ ਨੁਮਾਇੰਦਾ ਮੌਜੂਦ ਸੀ।

ਵਰਣਨ ਯੋਗ ਹੈ ਕਿ ਬਤੌਰ ਪ੍ਰਿੰਸੀਪਲ 27 ਮਾਰਚ 2018 ਨੂੰ ਪ੍ਰਮੋਟ ਹੋਏ 17 ਲੈਕਚਰਾਰਾਂ ਉਤੇ ਸਿਵਲ ਰਿੱਟ ਪਟੀਸ਼ਨ ਮਨਜੀਤ ਸਿੰਘ ਸੈਣੀ ਅਤੇ ਬਾਕੀ ਬਨਾਮ ਐਸ ਕੇ ਸੰਧੂ ਅਤੇ ਦੂਸਰੇ ਕੇਸ 'ਤੇ ਆਪਣਾ ਫੈਸਲਾ ਸੁਣਾਉਂਦੇ ਹੋਏ ਹਾਈ ਕੋਰਟ ਨੇ 24 ਅਗਸਤ 2018 ਨੂੰ ਇਸ ਦਾ ਹੁਕਮ ਜਾਰੀ ਕੀਤਾ ਸੀ, ਜਿਸ ਦੇ ਬਾਅਦ ਸਤੰਬਰ ਵਿੱਚ ਸਾਰੇ ਵਾਪਸ ਪ੍ਰਿੰਸੀਪਲਾਂ ਤੋਂ ਲੈਕਚਰਾਰ ਅਹੁਦੇ 'ਤੇ ਚਲੇ ਗਏ ਸਨ।

## ਲੁਧਿਆਣਾ ਸਿਟੀ ਸੈਂਟਰ

# ਘਪਲਾ ਦਬਾਉਣ ਦਾ ਦੋਸ਼ ਲਾ ਕੇ ਧਿਰ ਬਣਨ ਦੇ ਰੱਦ ਹੋਏ ਹੁਕਮ ਨੂੰ ਹਾਈ ਕੋਰਟ 'ਚ ਚੁਣੌਤੀ

ਚੰਡੀਗੜ੍ਹ, 27 ਨਵੰਬਰ (ਪੋਸਟ ਬਿਊਰੋ)- ਲੁਧਿਆਣਾ ਸਿਟੀ ਸੈਂਟਰ ਵਿੱਚ ਘਪਲੇ ਨੂੰ ਮਾਮਲੇ ਦੀ ਕੈਂਸਲੇਸ਼ਨ ਰਿਪੋਰਟ ਦਾਖਲ ਕਰਕੇ ਚੁੱਪ ਚੁਪੀਤੇ ਦਬਾਉਣ ਦਾ ਦੋਸ਼ ਦੀ ਇਕ ਪਟੀਸ਼ਨ ਹਾਈ ਕੋਰਟ ਵਿੱਚ ਦਾਖਲ ਕੀਤੀ ਗਈ ਹੈ।

ਇਸ ਕੇਸ ਵਿੱਚ ਕੈਂਸਲੇਸ਼ਨ ਰਿਪੋਰਟ ਦੇ ਵਿਰੋਧ ਦੀ ਅਰਜ਼ੀ ਲੁਧਿਆਣਾ ਦੀ ਵਿਸ਼ੇਸ਼ ਅਦਾਲਤ ਵੱਲੋਂ ਰੱਦ ਕਰਨ ਦੇ ਹੁਕਮ ਨੂੰ ਚੁਣੌਤੀ ਦਿੰਦੀ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਪੈਰਵੀ ਤੇ ਜਾਂਚ ਏਜੰਸੀਆਂ ਸੱਤਾ ਦੀ ਸਭ ਤੋਂ ਉਚੀ ਕੁਰਸੀ 'ਤੇ ਬੈਠੇ ਵਿਅਕਤੀਆਂ ਦੀ ਕਠਪੁਤਲੀ ਵਜੋਂ ਕੰਮ ਕਰਦੀਆਂ ਹਨ, ਇਸੇ ਲਈ 10 ਸਾਲ ਤੋਂ ਲਮਕਦੇ ਲੁਧਿਆਣਾ ਸਿਟੀ ਸੈਂਟਰ ਘਪਲਾ ਕੇਸ ਦੀ ਜਾਂਚ ਵਿੱਚ ਊਣਤਾਈ ਨਾ ਮਿਲਣ ਦੀ ਗੱਲ ਕਹਿ ਕੇ ਕਾਂਗਰਸ ਵਲੋਂ ਸੱਤਾ ਵਿੱਚ ਆਉਣ 'ਤੇ ਪੰਜ ਮਹੀਨੇ ਬਾਅਦ ਪਿਛਲੇ ਸਾਲ 11 ਅਗਸਤ ਨੂੰ ਇਸ ਮਾਮਲੇ ਦੀ ਕੈਂਸਲੇਸ਼ਨ ਰਿਪੋਰਟ ਕਰ ਦਿੱਤੀ ਗਈ।

ਐਡਵੋਕੇਟ ਰੂਚੀ ਸੇਖੜੀ ਰਾਹੀਂ ਸਿਮਰਨਜੀਤ ਸਿੰਘ ਬੈਂਸ ਨੇ ਇਨ੍ਹਾਂ ਦੋਸ਼ਾਂ ਨਾਲ ਪਟੀਸ਼ਨ 'ਚ ਕਿਹਾ ਹੈ ਕਿ ਮੁੱਢਲੀ ਜਾਂਚ ਵਿੱਚ ਊਣਤਾਈਆਂ ਲੱਭਣ ਅਤੇ ਭ੍ਰਿਸ਼ਟਾਚਾਰ, ਵਿਸ਼ਵਾਸਘਾਤ, ਜਾਅਲਸਾਜ਼ੀ ਦੇ ਤੱਥ




ਸਾਹਮਣੇ ਆਉਣ ਉੱਤੇ 23 ਮਾਰਚ 2007 ਨੂੰ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ 36 ਜਣਿਆਂ ਵਿਰੁੱਧ ਕੇਸ ਦਰਜ ਹੋਇਆ ਸੀ ਤੇ 12 ਦਸੰਬਰ 2007 ਨੂੰ ਅਦਾਲਤ ਵਿੱਚ ਦੋਸ਼ ਪੱਤਰ ਦਾਖਲ ਹੋ ਗਏ ਸਨ, ਪਰ ਅਜੇ ਤੱਕ ਦੋਸ਼ ਆਇਦ ਨਹੀਂ ਹੋਏ ਤੇ ਇਸੇ ਦੌਰਾਨ ਮੁੜ ਜਾਂਚ ਦੇ ਨਾਂਅ 'ਤੇ ਕੈਂਸਲੇਸ਼ਨ ਰਿਪੋਰਟ ਦਾਖਲ ਕਰਕੇ ਕਿਹਾ ਗਿਆ ਕਿ ਜਿਸ ਵੇਲੇ ਊਣਤਾਈ ਸਾਹਮਣੇ ਆਈ, ਉਸ ਨੂੰ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਹੀ ਕਰ ਲਿਆ ਸੀ।

ਨਵੀਂ ਪਟੀਸ਼ਨ ਵਿੱਚ ਇਹ ਦੋਸ਼ ਵੀ ਲਾਇਆ ਹੈ ਕਿ ਅੱਜ ਕੱਲ੍ਹ ਹੋਮ ਅਤੇ ਪ੍ਰਾਸੀਕਿਊਸ਼ਨ ਵਿਭਾਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਹੈ ਤੇ ਉਹ ਲੁਧਿਆਣਾ ਸਿਟੀ ਸੈਂਟਰ ਘਪਲੇ ਦੇ ਮੁਲਜ਼ਮ ਵੀ ਹਨ, ਇਸ ਲਈ ਕੈਂਸਲੇਸ਼ਨ ਰਿਪੋਰਟ ਦੇ ਵਿਰੋਧ ਵਿੱਚ ਪੈਰਵੀ ਕਰਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਬੈਂਸ ਨੇ ਹਾਈ ਕੋਰਟ ਪਟੀਸ਼ਨ ਦਾਖਲ ਕਰਕੇ ਕਿਹਾ ਹੈ ਕਿ ਲੋਕਾਂ ਦਾ ਪ੍ਰਤੀਨਿਧ ਹੋਣ ਕਾਰਨ ਇਹ ਡਿਊਟੀ ਬਣਦੀ ਹੈ ਕਿ ਊਣਤਾਈਆਂ ਦਾ ਵਿਰੋਧ ਕੀਤਾ ਜਾਵੇ। ਕੇਸ ਦੀ ਸੁਣਵਾਈ ਜਸਟਿਸ ਇੰਦਰਜੀਤ ਸਿੰਘ ਦੀ ਬੈਂਚ ਮੂਹਰੇ ਹੋਈ ਤੇ ਬੈਂਚ ਨੇ ਅਜਿਹੀ ਜੱਜਮੈਂਟ ਪੇਸ਼ ਕਰਨ ਲਈ ਕਿਹਾ ਹੈ, ਜਿਸ ਨਾਲ ਅਪਰਾਧਿਕ ਮਾਮਲੇ ਵਿੱਚ ਬਾਹਰੀ ਵਿਅਕਤੀ ਨੂੰ ਕੈਂਸਲੇਸ਼ਨ ਰਿਪੋਰਟ ਦਾ ਵਿਰੋਧ ਕਰਨ ਲਈ ਦਖਲਅੰਦਾਜ਼ੀ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੋਵੇ।

# ਪੈਪਸੂ ਟਰਾਂਸਪੋਰਟ ਵੱਲੋਂ 100 ਨਵੀਆਂ ਬੱਸਾਂ ਖਰੀਦ ਕਰਨ ਵਿੱਚ ਟਰਾਂਸਪੋਰਟ ਮੰਤਰੀ ਵੱਲੋਂ ਰੋੜ

ਪਟਿਆਲਾ, 27 ਨਵੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਦੀ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ) ਵੱਲੋਂ 100 ਨਵੀਆਂ ਬਸਾਂ ਖਰੀਦਣ ਵਿੱਚ ਟਰਾਂਸਪੋਰਟ ਵਿਭਾਗ ਦੀ ਮੰਤਰੀ ਅਰੁਣਾ ਚੌਧਰੀ ਰੋੜਾ ਬਣੀ ਹੋਈ ਹੈ। ਇਸ ਕਰ ਕੇ ਪਿਛਲੇ ਸੱਤ ਮਹੀਨਿਆਂ ਤੋਂ ਫਾਈਲ ਮੰਤਰੀ ਪੱਧਰ 'ਤੇ ਅਟਕੀ ਹੋਈ ਅਤੇ ਪੀ ਆਰ ਟੀ ਸੀ ਨੂੰ ਨੁਕਸਾਨ ਵੀ ਉਠਾਉਣਾ ਪੈ ਰਿਹਾ ਹੈ। ਟਰਾਂਸਪੋਰਟ ਮੰਤਰੀ ਵੱਲੋਂ ਲਗਾਤਾਰ ਇੱਕ ਤੋਂ ਇੱਕ ਬੇਵਜ੍ਹਾ ਇਤਰਾਜ਼ ਲਾ ਕੇ ਫਾਈਲ ਰੋਕੀ ਜਾ ਰਹੀ ਹੈ। ਇਸ ਕਾਰਨ ਮੰਤਰੀ ਦਾ ਕਾਰਗੁਜ਼ਾਰੀ 'ਤੇ ਕਈ ਤਰ੍ਹਾਂ ਦੇ ਗੰਭੀਰ ਸਵਾਲ ਉਠੇ ਹਨ।

ਮਿਲੀ ਜਾਣਕਾਰੀ ਅਨੁਸਾਰ ਪੀ ਆਰ ਟੀ ਸੀ 25 ਕਰੋੜ ਦੀ ਲਾਗਤ ਨਾਲ 100 ਨਵੀਆਂ ਬਸਾਂ ਖਰੀਦਣੀਆਂ ਚਾਹੁੰਦੀ ਹੈ ਤਾਂ ਜੋ ਲੋਕਾਂ ਨੂੰ ਚੰਗੀ ਟਰਾਂਸਪੋਰਟ ਸੁਵਿਧਾ ਦੇਣ ਦੇ ਨਾਲ ਆਪਣੇ ਖਰਚੇ ਘਟਾ ਸਕੇ। ਇਸ ਖਰੀਦ ਨਾਲ ਜੁੜੇ ਹੋਏ ਇੱਕ ਅਧਿਕਾਰੀ ਨੇ ਕਿਹਾ ਕਿ ਆਵਾਜਾਈ ਮੰਤਰੀ ਅਰੁਣਾ ਚੌਧਰੀ ਇੱਕ ਪ੍ਰਮੁੱਖ ਬਸ ਸਪਲਾਇਰ ਕੰਪਨੀ ਨੂੰ ਬੋਲੀ ਲਾਉਣ ਦੇ ਯੋਗ ਬਣਾਉਣ ਲਈ ਟੈਂਡਰ ਦੀਆਂ ਕੁਝ ਸ਼ਰਤਾਂ ਵਿੱਚ ਰਾਹਤ ਦੇਣਾ ਚਾਹੁੰਦੇ ਹਨ। ਮੰਤਰੀ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਹੈ। ਇਸ ਬਾਰੇ ਪੀ ਆਰ ਟੀ ਸੀ ਦੇ ਚੇਅਰਮੈਨ ਕੇ ਕੇ ਸ਼ਰਮਾ ਨੇ ਕਿਹਾ ਕਿ ਬਸਾਂ ਦੀ ਖਰੀਦ ਵਿੱਚ ਦੇਰੀ ਨਾਲ ਨਿਗਮ ਦੀ ਆਮਦਨ ਘਟ ਰਹੀ ਹੈ। ਮੈਂ ਪੂਰੇ ਵੇਰਵੇ ਬਾਰੇ ਚਰਚਾ ਨਹੀਂ ਕਰਨਾ ਚਾਹੁੰਦਾ, ਪਰ ਮੁੱਖ ਮੰਤਰੀ ਕੋਲੋਂ ਸਮਾਂ ਮੰਗਿਆ ਹੈ। ਉਨ੍ਹਾਂ ਕੋਲ ਇਹ ਮੁੱਦੇ ਉਠਾਵਾਂਗਾ। ਉਨ੍ਹਾਂ ਨਾਲ ਹੀ ਕਿਹਾ ਕਿ ਮੰਤਰੀ ਟੈਂਡਰ ਦੀਆਂ ਵਿਸ਼ੇਸ਼ਤਾਵਾਂ ਵਿੱਚ ਬਦਲਾਅ ਕਰਨਾ ਚਾਹੁੰਦੇ ਹਨ, ਜਿਸ ਮੰਗ ਨੂੰ ਅਸੀਂ ਨਹੀਂ ਮੰਨਿਆ।

ਟਰਾਂਸਪੋਰਟ ਮੰਤਰੀ ਅਰੁਣਾ ਚੌਧਰੀ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਨ੍ਹਾਂ ਨੇ ਟੈਂਡਰ ਵਿੱਚ ਬਦਲਾਅ ਕਰਨ ਲਈ ਕਿਹਾ ਹੈ। ਪੀ ਆਰ ਟੀ ਸੀ ਨੇ ਮੰਤਰਾਲੇ ਦੀ ਮਨਜ਼ੂਰੀ ਦੇ ਬਗੈਰ ਟੈਂਡਰ ਕੱਢ ਦਿੱਤਾ। ਉਨ੍ਹਾਂ ਕਿਹਾ ਕਿ ਫਾਈਲ ਦੀ ਮੌਜੂਦਾ ਸਥਿਤੀ ਬਾਰੇ ਮੈਨੂੰ ਪਤਾ ਨਹੀਂ ਹੈ। ਮੈਨੂੰ ਪੀ ਆਰ ਟੀ ਸੀ ਦੀ ਮਾਲੀ ਹਾਲਤ ਬਾਰੇ ਪੁੱਛਿਆ ਗਿਆ ਸੀ। 100 ਨਵੀਆਂ ਬਸਾਂ ਖਰੀਦਣਾ ਵਿੱਤੀ ਤੌਰ ਉੱਤੇ ਸਹੀ ਹੈ ਜਾਂ ਗਲਤ? ਇਸ ਦੀ ਜਾਂਚ ਕਰਨਾ ਮੇਰੀ ਡਿਊਟੀ ਬਣਦੀ ਹੈ। ਉਨ੍ਹਾਂ ਕਿਹਾ ਕਿ ਜੇ ਪੀ ਆਰ ਟੀ ਸੀ ਸ਼ਰਤਾਂ ਪੂਰੀਆਂ ਕਰ ਦਿੰਦੀ ਹੈ ਤਾਂ ਸੰਬੰਧਤ ਫਾਈਲ ਨੂੰ ਕਲੀਅਰ ਕਰ ਦਿੱਤਾ ਜਾਵੇਗਾ।

# ਕੈਨੇਡਾ ਜਾਣ ਲਈ ਜਾਅਲੀ ਇੰਜੀਨੀਅਰ ਨੇ ਅਫਸਰ ਵਾਲੀ ਨਕਲੀ ਸਿਫਾਰਸ਼ੀ ਚਿੱਠੀ ਬਣਾਈ

ਜਲੰਧਰ, 27 ਨਵੰਬਰ (ਪੋਸਟ ਬਿਊਰੋ)- ਸਥਾਨਕ ਨਗਰ ਨਿਗਮ ਦੇ ਨਕਲੀ ਇੰਜੀਨੀਅਰ, ਪੀ ਸੀ ਐਸ ਦੀ ਜਾਅਲੀ ਸਿਫਾਰਸ਼ੀ ਚਿੱਠੀ ਨਾਲ ਕੈਨੇਡਾ ਜਾਣ ਦੇ ਕੇਸ ਦਾ ਖੁਲਾਸਾ ਹੋਇਆ ਹੈ ਤੇ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਨਿਗਮ ਦੇ ਜਾਇੰਟ ਕਮਿਸ਼ਨਰ ਰਾਜੀਵ ਵਰਮਾ ਨੇ ਜਾਂਚ ਦੇ ਆਦੇਸ਼ ਜਾਰੀ ਕਰ ਦਿੱਤੇ ਹਨ।

ਮਿਲੀ ਜਾਣਕਾਰੀ ਅਨੁਸਾਰ ਨਗਰ ਨਿਗਮ ਵਿੱਚ ਸੁਪਰਡੈਂਟ ਉਮਾ ਮਹੇਸ਼ਵਰ ਕੋਲ ਬੀਤੇ ਦਿਨੀਂ ਕੈਨੇਡਾ ਦੂਤਘਰ ਨੇ ਨਿਗਮ ਨਾਲ ਸਬੰਧਤ ਦਸਤਾਵੇਜ਼ਾਂ ਨੂੰ ਤਸਦੀਕ ਕਰਨ ਲਈ ਭੇਜਿਆ ਸੀ। ਇਸ ਵਿੱਚ ਇਕ ਸੰਜੀਵ ਕੁਮਾਰ ਨਾਂਅ ਦੇ ਵਿਅਕਤੀ ਨੇ ਨਿਗਮ ਦੇ ਓ ਐਂਡ ਐਮ (ਆਪ੍ਰੇਸ਼ਨ ਐਂਡ ਮੇਨਟੈਂਸ) ਅਤੇ ਸਟਰੀਟ ਲਾਈਟ ਬਰਾਂਚ ਦੇ ਇੰਜੀਨੀਅਰ ਬਣ ਕੇ ਕੈਨੇਡਾ ਕੋਲ ਛੁੱਟੀਆਂ ਲੈ ਕੇ ਵੀਜ਼ੇ ਲਈ ਅਪਲਾਈ ਕੀਤਾ ਸੀ। ਕੈਨੇਡਾ ਦੂਤਘਰ ਦਿੱਲੀ ਵਿੱਚ ਸੰਜੀਵ ਕੁਮਾਰ ਨਾਂਅ ਦੇ ਵਿਅਕਤੀ ਨੇ ਦਸਤਾਵੇਜ਼ ਨਾਲ ਲਾਏ ਸਨ ਤੇ ਉਨ੍ਹਾਂ ਵਿੱਚ ਉਕਤ ਵਿਅਕਤੀ ਦਾ ਨਿਗਮ ਵੱਲੋਂ ਬਣਾਇਆ ਪਛਾਣ ਪੱਤਰ ਤੋਂ ਇਲਾਵਾ ਤਨਖਾਹਾਂ ਦੀਆਂ ਸਟੇਟਮੈਂਟਾਂ ਦੀਆਂ ਕਾਪੀਆਂ ਨਾਲ ਲੱਗੀਆਂ ਸਨ। ਇਸ ਬਾਰੇ ਜਾਇੰਟ ਕਮਿਸ਼ਨਰ ਰਾਜੀਵ ਵਰਮਾ, ਉਮਾ ਮਹੇਸ਼ਵਰ ਨੇ ਦਸਤਾਵੇਜ਼ ਦਿਖਾ ਕੇ ਕਿਹਾ ਕਿ ਜਿਸ ਵਿਅਕਤੀ ਨੇ ਛੁੱਟੀ ਲੈ ਕੇ ਕੈਨੇਡਾ ਜਾਣ ਦੇ ਦਸਤਾਵੇਜ਼ ਲਾਏ ਸਨ, ਉਨ੍ਹਾਂ ਵਿੱਚ ਤਾਂ ਇਕ ਪੀ ਸੀ ਐਸ ਅਫਸਰ ਦੀ ਜਾਅਲੀ ਚਿੱਠੀ ਬਣਾ ਕੇ ਨਾਲ ਲਾਈ ਗਈ ਹੈ। ਇਹ ਚਿੱਠੀ ਪਰਮਪਾਲ ਭਾਟੀਆ ਪੀ ਸੀ ਐਸ, ਜਾਇੰਟ ਕਮਿਸ਼ਨਰ-ਕਮ ਜ਼ੋਨਲ ਕਮਿਸ਼ਨਰ-ਸੈਂਟਰਲ ਨਾਂਅ 'ਤੇ ਬਣਾ ਦਿੱਤੀ ਗਈ ਹੈ। ਤਿਆਰ ਕੀਤੀ ਨਕਲੀ ਚਿੱਠੀ ਵਿੱਚ ਸਿਫਾਰਸ਼ ਕੀਤੀ ਗਈ ਹੈ ਕਿ ਸੰਜੀਵ ਕੁਮਾਰ ਨਿਗਮ ਦਾ ਮੁਲਾਜ਼ਮ ਹੈ ਤੇ ਸਟਰੀਟ ਲਾਈਟ ਸੈਂਟਰਲ ਜ਼ੋਨ ਵਿੱਚ ਨਿਗਮ ਇੰਜੀਨੀਅਰ ਦਾ ਕੰਮ ਕਰ ਰਿਹਾ ਹੈ। ਰਾਜੀਵ ਵਰਮਾ ਨੇ ਦੱਸਿਆ ਕਿ ਇਸ ਨਾਂਅ ਦਾ ਜਲੰਧਰ ਨਿਗਮ ਵਿੱਚ ਕੋਈ ਪੀ ਸੀ ਐਸ ਨਹੀਂ ਹੈ ਤੇ ਉਨ੍ਹਾਂ ਦੀ ਜਾਣਕਾਰੀ ਮੁਤਾਬਕ ਸਾਰੇ ਰਾਜ ਵਿੱਚ ਇਸ ਨਾਂਅ ਦਾ ਪੀ ਸੀ ਐਸ ਅਫਸਰ ਵੀ ਨਹੀਂ ਹੈ। ਅਧਿਕਾਰੀਆਂ ਨੇ ਦੱਸਿਆ ਕਿ ਉਮਾ ਮਹੇਸ਼ਵਰ ਨੇ ਪਤਾ ਕੀਤਾ ਤਾਂ ਸਾਹਮਣੇ ਆਇਆ ਕਿ ਇਸ ਨਾਂਅ ਦਾ ਕੋਈ ਇੰਜੀਨੀਅਰ ਨਹੀਂ ਹੈ। ਨਿਗਮ ਦੇ ਕਈ ਮੁਲਾਜ਼ਮ ਪਹਿਲਾਂ ਵੀ ਛੁੱਟੀ ਲੈ ਕੇ ਵਿਦੇਸ਼ ਜਾਂਦੇ ਰਹੇ ਹਨ। ਨਕਲੀ ਇੰਜੀਨੀਅਰ ਦਾ ਨਿਗਮ ਦਾ ਪਛਾਣ ਪੱਤਰ, ਪੀ ਸੀ ਐਸ ਦੀ ਨਕਲੀ ਚਿੱਠੀ ਤੋਂ ਇਲਾਵਾ ਤਨਖਾਹਾਂ ਦੀਆਂ ਨਕਲੀ ਰਿਟਰਨਾਂ ਵੀ ਨਾਲ ਲਗਾਈਆਂ ਗਈਆਂ ਹਨ।

# ਫਰਜ਼ੀ ਐਕਸਪੋਰਟ ਕੇਸ ਦੀ ਜਾਂਚ ਲਈ ਡੀ ਆਈ ਆਰ ਦੀ ਟੀਮ ਜਲੰਧਰ ਪਹੁੰਚੀ

ਜਲੰਧਰ, 27 ਨਵੰਬਰ (ਪੋਸਟ ਬਿਊਰੋ)- ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ (ਡੀ ਆਰ ਆਈ) ਦੀ ਇੱਕ ਟੀਮ ਨੇ ਕੱਲ੍ਹ ਫਰਜ਼ੀ ਐਕਸਪੋਰਟ ਕੇਸ ਦੀ ਜਾਂਚ ਨੂੰ ਅੱਗੇ ਵਧਾਉਂਦਿਆਂ ਫੋਕਲ ਪੁਆਇੰਟ ਐਕਸਟੈਂਸ਼ਨ ਵਿੱਚ ਇੱਕ ਯੂਨਿਟ 'ਤੇ ਛਾਪਾ ਮਾਰਿਆ। ਇਹ ਕਾਰਵਾਈ ਅਜੇ ਵੀ ਚੱਲ ਰਹੀ ਹੈ।

ਵਰਨਣ ਯੋਗ ਹੈ ਕਿ ਇੰਡਸਟਰੀ ਨੇ ਕਰੀਬ ਤਿੰਨ ਮਹੀਨੇ ਪਹਿਲਾਂ ਸਕੈਫਫੋਲਡਿੰਗ ਦੇ ਕਈ ਕੰਟੇਨਰ ਡੁਬਈ ਤੇ ਖਾੜੀ ਦੇਸ਼ਾਂ ਨੂੰ ਭੇਜੇ ਸਨ, ਜਿਨ੍ਹਾਂ ਸੰਬੰਧੀ ਡੀ ਆਰ ਆਈ ਨੇ ਜਾਂਚ ਸ਼ੁਰੂ ਕੀਤੀ ਸੀ। ਉਸ ਜਾਂਚ ਵਿੱਚ ਸਕੈਫਫੋਲਡਿੰਗ ਦੀ ਐਕਸਪੋਰਟ 'ਚ ਕਈ ਬੇਨਿਯਮੀਆਂ ਲੱਭੀਆਂ ਸਨ। ਓਦੋਂ ਤੋਂ ਚੱਲ ਰਹੀ ਜਾਂਚ ਨੂੰ ਅੱਗੇ ਵਧਾਉਂਦਿਆਂ ਡੀ ਆਰ ਆਈ ਦੀ ਟੀਮ ਨੇ ਕੇਸ ਨੂੰ ਦੁਬਾਰਾ ਖੋਲ੍ਹ ਕੇ ਕੱਲ੍ਹ ਜਲੰਧਰ ਵਿੱਚ ਉਕਤ ਕੰਪਨੀ ਦੇ ਯੂਨਿਟਾਂ 'ਤੇ ਛਾਪੇਮਾਰੀ ਕੀਤੀ। ਇਹ ਫਰਮ ਆਟੋ ਪਾਰਟਸ ਬਣਾਉਣ ਦੇ ਖੇਤਰ ਵਿੱਚ ਨਾਮੀ ਰਹੀ ਹੈ ਅਤੇ ਕਈ ਸਾਲ ਪਹਿਲਾਂ ਕੁਸ਼ਟ ਆਸ਼ਰਮ ਦੇ ਸਾਹਮਣੇ ਇਸ ਦਾ ਮੁੱਖ ਯੂਨਿਟ ਹੁੰਦਾ ਸੀ। ਹੁਣ ਟਰਾਂਸਪੋਰਟ ਨਗਰ ਤੇ ਗਦਈਪੁਰ ਵਿੱਚ ਵੀ ਇਸ ਦੇ ਯੂਨਿਟ ਹਨ।

ਅਸਲ ਵਿੱਚ ਕੁਝ ਸਾਲ ਪਹਿਲਾਂ ਜਲੰਧਰ ਦੇ ਕੁਝ ਐਕਸਪੋਰਟਰਾਂ ਨੇ ਫਰਜ਼ੀ ਮਾਲ ਅਤੇ ਫਰਜ਼ੀ ਕਾਗਜ਼ਾਤਾਂ ਦੀ ਮਦਦ ਨਾਲ ਗੁਜਰਾਤ ਦੇ ਮੁੰਦਰਾ ਪੋਰਟ ਤੋਂ ਡੁਬਈ ਨੂੰ ਹੈਂਡ ਟੂਲ, ਸਕੈਫਫੋਲਡਿੰਗ ਤੇ ਹੋਰ ਉਤਪਾਦ ਐਕਸਪੋਰਟ ਕੀਤੇ ਸਨ। ਉਸ ਸਮੇਂ ਐਕਸਪੋਰਟ ਲਈ ਇਨਵਾਇਸ ਕਈ ਗੁਣਾਂ ਜ਼ਿਆਦਾ ਕੀਮਤ ਦੇ ਬਣਾਏ ਗਏ ਸਨ ਤਾਂ ਜੋ ਸਰਕਾਰ ਕੋਲੋਂ ਡਿਊਟੀ ਡਰਾਅਬੈਕ ਦੇ ਤੌਰ 'ਤੇ ਰਕਮ ਹੜੱਪੀ ਜਾ ਸਕੇ। ਇਨਵਾਇਸ ਵਿੱਚ ਜੋ ਮਾਲ ਦਾ ਵੇਰਵਾ ਸੀ, ਉਹ ਵੀ ਬਿੱਲ ਦੇ ਮੁਤਾਬਕ ਨਹੀਂ ਸੀ ਅਤੇ ਡਿਊਟੀ ਡਰਾਅਬੈਕ ਹੜੱਪਣ ਦੇ ਚੱਕਰ ਵਿੱਚ ਉਸ ਵਿੱਚ ਹੇਰਾਫੇਰੀ ਕੀਤੀ ਸੀ। ਉਸ ਸਕੀਮ ਵਿੱਚ ਜਲੰਧਰ ਦੇ ਕਈ ਐਕਸਪੋਰਟਰ ਡੀ ਆਰ ਅਹਿਮਦਾਬਾਦ ਅਤੇ ਹੋਰ ਯੂਨਿਟਾਂ ਵੱਲੋਂ ਫੜੇ ਗਏ ਸਨ ਅਤੇ ਕਈਆਂ ਨੇ ਜੇਲ੍ਹ ਦੀ ਹਵਾ ਵੀ ਖਾਧੀ ਸੀ। ਮੁੰਦਰਾ ਪੋਰਟ ਸਕੈਂਡਲ ਦੀਆਂ ਪਰਤਾਂ ਅਜੇ ਖੁੱਲ੍ਹ ਰਹੀਆਂ ਹਨ ਕਿਉਂਕਿ ਡੀ ਆਰ ਆਈ ਦੀ ਜਾਂਚ ਅੱਗੇ ਵਧ ਰਹੀ ਹੈ, ਜਿਸ ਵਿੱਚ ਜਲੰਧਰ ਦੇ ਕਈ ਨਾਮੀ ਐਕਸਪੋਰਟਰਾਂ ਵੱਲੋਂ ਕੀਤੀਆਂ ਭਾਰੀ ਬੇਨਿਯਮੀਆਂ ਨਿਕਲੀਆਂ ਹਨ। ਕਈ ਅਜਿਹੇ ਐਕਸਪੋਰਟਰਾਂ ਨੇ ਫਰਮਾਂ ਦੇ ਨਾਂਅ ਬਦਲ ਕੇ ਦੁਬਾਰਾ ਅਜਿਹਾ ਧੰਦਾ ਸ਼ੁਰੂ ਕੀਤਾ ਹੋਇਆ ਹੈ, ਪਰ ਮਾਲ ਭੇਜਣ ਵਾਲੇ ਪੋਰਟ ਬਦਲ ਦਿੱਤੇ ਗਏ ਹਨ। ਦੋਸ਼ ਲਾਇਆ ਜਾ ਰਿਹਾ ਹੈ ਕਿ ਕਸਟਮ ਵਿਭਾਗ ਦੀ ਸੈਟਿੰਗ ਕਾਰਨ ਕੁਝ ਸਮਾਂ ਪਹਿਲਾਂ ਵੀ ਵੱਡੀ ਗਿਣਤੀ ਵਿੱਚ ਕੰਟੇਨਰ ਡੁਬਈ ਅਤੇ ਖਾੜੀ ਦੇਸ਼ਾਂ ਨੂੰ ਭੇਜੇ ਗਏ ਸਨ।

# ਸ਼ਿਵ ਸੈਨਾ ਨੇਤਾ ਸੁਧੀਰ ਸੂਰੀ ਵੱਲੋਂ ਸੈਸ਼ਨ ਕੋਰਟ ਵਿੱਚ ਸਰੈਂਡਰ



ਅੰਮ੍ਰਿਤਸਰ, 27 ਨਵੰਬਰ (ਪੋਸਟ ਬਿਊਰੋ)- ਪਠਾਨਕੋਟ ਦੀ ਜੇਲ੍ਹ ਵਿੱਚ ਬੰਦ ਰਹੇ ਸ਼ਿਵ ਸੈਨਾ ਨੇਤਾ ਸੁਧੀਰ ਕੁਮਾਰ ਸੂਰੀ ਨੂੰ ਵਿਆਹ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਪੰਜਾਬ ਹਰਿਆਣਾ ਹਾਈ ਕੋਰਟ ਦੇ ਜਸਟਿਸ ਅਰਵਿੰਦ ਸਿੰਘ ਸੰਘਵਾ ਦੀ ਅਦਾਲਤ ਵੱਲੋਂ ਛੇ ਨਵੰਬਰ ਨੂੰ 26 ਨਵੰਬਰ ਸਵੇਰੇ ਪੰਜ ਵਜੇ ਤੱਕ ਅੰਤਰਿਮ ਜ਼ਮਾਨਤ ਦਿੱਤੀ ਗਈ ਸੀ। ਇਹ ਮਿਆਦ ਖਤਮ ਹੋਣ ਤੋਂ ਪਹਿਲਾਂ ਸੂਰੀ ਨੇ ਕੱਲ੍ਹ ਏਥੇ ਐਡੀਸ਼ਨਲ ਸੈਸ਼ਨ ਜੱਜ ਐਸ ਐਸ ਧਾਲੀਵਾਲ ਦੀ ਅਦਾਲਤ ਵਿੱਚ ਸਰੈਂਡਰ ਕਰ ਦਿੱਤਾ, ਜਿਨ੍ਹਾਂ ਨੂੰ ਅਦਾਲਤ ਨੇ ਤਿੰਨ ਦਸੰਬਰ ਤੱਕ ਜੁਡੀਸ਼ਲ ਹਿਰਾਸਤ ਵਿੱਚ ਭੇਜ ਦਿੱਤਾ ਹੈ। ਸੁਧੀਰ ਸੂਰੀ ਦੀ ਸੁਰੱਖਿਆ ਨੂੰ ਮੱਦੇਨਜ਼ਰ ਰੱਖਦੇ ਹੋਏ ਪੁਲਸ ਉਨ੍ਹਾਂ ਨੂੰ ਫਿਰ ਪਠਾਨਕੋਟ ਜੇਲ੍ਹ ਵਿੱਚ ਭਿਜਵਾਉਣਾ ਚਾਹੁੰਦੀ ਸੀ, ਪਰ ਅਦਾਲਤ ਨੇ ਸੂਰੀ ਨੂੰ ਪਠਾਨਕੋਟ ਜੇਲ੍ਹ ਦੀ ਬਜਾਏ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿੱਚ ਹੀ ਭੇਜਣ ਦੇ ਹੁਕਮ ਜਾਰੀ ਕੀਤੇ ਹਨ। ਵਰਣਨ ਯੋਗ ਹੈ ਕਿ ਸ਼ਿਵ ਸੈਨਾ ਦੇ ਨੇਤਾ ਸੁਧੀਰ ਕੁਮਾਰ ਸੂਰੀ ਨੇ ਕੁਝ ਸਮਾਂ ਪਹਿਲਾ ਸੋਸ਼ਲ ਮੀਡੀਆ 'ਤੇ ਆਪਣੀ ਵੀਡੀਓ ਵਾਇਰਲ ਕੀਤੀ ਸੀ, ਜਿਸ ਬਾਰੇ ਸਥਾਨਕ ਅਨੁਸੂਚਿਤ ਸਮਾਜ ਨਾਲ ਜੁੜੇ ਮੇਘਨਾਥ ਨੇ ਦੋਸ਼ ਲਗਾਏ ਸਨ ਕਿ ਉਨ੍ਹਾਂ ਨੇ ਉਸ ਵੀਡੀਓ ਵਿੱਚ ਜਾਤੀਸੂਚਕ ਅਪਸ਼ਬਦ ਕਹਿ ਕੇ ਅਨੁਸੂਚਿਤ ਸਮਾਜ ਨੂੰ ਠੇਸ ਪਹੁੰਚਾਈ ਹੈ।

# ਦੋ ਜ਼ਿਲ੍ਹਿਆਂ ਤੋਂ ਬਿਨਾਂ ਪਰਾਲੀ ਸਾੜਨ ਦੇ ਕੇਸਾਂ ਵਿੱਚ ਆਈ ਕਮੀ

ਚੰਡੀਗੜ੍ਹ, 27 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਬਹੁਤੇ ਕਿਸਾਨਾਂ ਵੱਲੋਂ ਸਰਕਾਰ ਦੀ ਪਰਾਲੀ ਨਾ ਸਾੜਨ ਦੀ ਅਪੀਲ ਨੂੰ ਪਾਜੀਟਿਵ ਹੁੰਗਾਰਾ ਮਿਲਿਆ ਹੈ। ਇਸ ਦਾ ਖੁਲਾਸਾ ਪੰਜਾਬ ਰਿਮੋਟ ਸੈਂਸਿੰਗ ਸੈਂਟਰ, ਲੁਧਿਆਣਾ ਦੇ ਅੰਕੜਿਆਂ ਤੋਂ ਮਿਲ ਰਿਹਾ ਹੈ। ਐਡੀਸ਼ਨਲ ਚੀਫ ਸੈਕਟਰੀ (ਵਿਕਾਸ) ਵਿਸ਼ਵਜੀਤ ਖੰਨਾ ਨੇ ਦੱਸਿਆ ਕਿ ਅੰਮ੍ਰਿਤਸਰ ਅਤੇ ਤਰਨ ਤਾਰਨ ਜ਼ਿਲ੍ਹਿਆਂ ਨੂੰ ਛੱਡ ਕੇ ਮਾਝਾ ਅਤੇ ਦੋਆਬਾ ਖੇਤਰ ਦੇ ਕਿਸਾਨਾਂ ਵੱਲੋਂ ਪਿਛਲੇ ਸਾਲ ਦੇ ਮੁਕਾਬਲੇ ਪਰਾਲੀ ਨੂੰ ਅੱਗ ਲਗਾਉਣ ਦੇ ਬਹੁਤ ਘੱਟ ਮਾਮਲੇ ਸਾਹਮਣੇ ਆਏ ਹਨ।

ਵਿਸ਼ਵਜੀਤ ਖੰਨਾ ਨੇ ਵਾਤਾਵਰਣ,



ਮਿੱਟੀ ਅਤੇ ਮਨੁੱਖੀ ਸਿਹਤ ਦੀ ਸੁਰੱਖਿਆ ਦੇ ਪ੍ਰਤੀ ਆਪਣਾ ਯੋਗਦਾਨ ਦੇਣ ਦੇ ਲਈ ਕਿਸਾਨਾਂ ਦਾ ਧੰਨਵਾਦ ਕੀਤਾ ਕਿਉਂਕਿ ਜੋ ਪਿਛਲੇ ਸਾਲਾਂ ਦੇ ਮੁਕਾਬਲੇ ਇਸ ਸਾਲ ਪੰਜਾਬ ਦੀ ਹਵਾ ਗੁਣਵੱਤਾ ਵਿੱਚ ਹੋਰ ਜ਼ਿਆਦਾ ਸੁਧਾਰ ਦੇਖਣ ਨੂੰ ਮਿਲਿਆ ਹੈ। ਪਿਛਲੇ ਸਾਲ ਦੇ ਮੁਕਾਬਲੇ ਰੋਪੜ ਵਿੱਚ ਪਰਾਲੀ ਸਾੜਨ ਦੇ ਕੇਸਾਂ ਵਿੱਚ ਸਭ ਤੋਂ ਵੱਧ 60 ਫੀਸਦੀ ਕਮੀ ਦਰਜ ਕੀਤੀ ਗਈ ਹੈ। ਇਸ ਦੇ ਬਾਅਦ ਐੱਸ ਬੀ ਐੱਸ ਨਗਰ ਵਿੱਚ 53 ਫੀਸਦੀ ਗਿਰਾਵਟ ਦਰਜ ਕੀਤੀ ਗਈ। ਇਸੇ ਤਰ੍ਹਾਂ ਹੁਸ਼ਿਆਰਪੁਰ ਵਿੱਚ 45 ਫੀਸਦੀ, ਕਪੂਰਥਲਾ ਵਿੱਚ 41 ਫੀਸਦੀ, ਫਤਹਿਗੜ੍ਹ ਸਾਹਿਬ ਵਿੱਚ 33 ਫੀਸਦੀ, ਲੁਧਿਆਣਾ ਵਿੱਚ 25 ਫੀਸਦੀ, ਪਠਾਨਕੋਟ ਵਿੱਚ 25 ਫੀਸਦੀ, ਜਲੰਧਰ ਵਿੱਚ 22 ਫੀਸਦੀ, ਗੁਰਦਾਸਪੁਰ ਵਿੱਚ 14 ਫੀਸਦੀ, ਐੱਸ ਏ ਐੱਸ ਨਗਰ ਵਿੱਚ 14 ਫੀਸਦੀ, ਸੰਗਰੂਰ ਅਤੇ ਪਟਿਆਲਾ ਵਿੱਚ ਦੋ ਫੀਸਦੀ ਗਿਰਾਵਟ ਦਰਜ ਕੀਤੀ ਗਈ। ਪਰਾਲੀ ਸਾੜਨ ਦੇ ਹੋਰ ਜ਼ਿਆਦਾ ਕੇਸਾਂ ਦਾ ਰੁਝਾਨ ਮੁੱਖ ਤੌਰ ਉਤੇ ਦੱਖਣੀ ਪੰਜਾਬ ਵਿੱਚ ਦੇਖਿਆ ਗਿਆ।

LOOKING FOR LONG/SHORT HAULS

Hiring Team Drivers & Single drivers

DEDICATED A/Z DRIVERS FOR USA/LOCAL CANADA

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ

- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.

Sakshi: 647-534-5770 | Riki: 647-963-7131

Office: 905-564-8851

Email: ramesh@jeyatransport.com/sakshi@jeyatransport.com

PLATINUM MORTGAGES

FOR ALL MORTGAGE NEEDS

QUICK MORTGAGE ARRANGEMENT

2ND MORTGAGE

- NO CREDIT CHECK
- NO APPLICATION FEE
- NO JOB INCOME VERIFICATION
- NO PROBLEM

1ST MORTGAGE Starting from 2.59 % OAC

SPECIAL RATES FOR REFINANCING

Professional & Quality Service Guaranteed





Kanwaljit S. Dhunna

Mortgage broker

416.301.1976

Email: kdhunna62@gmail.com

Lic # 11992 FSCO # M08002472

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4

www.AREA REALTOR.com




KAMAL SANDHU

Sales Representative

647.891.0143

905.488.2100 ext. 407



# ਮਿਰਚ ਹਮਲੇ ਪਿੱਛੋਂ 'ਬੰਦੂਕ ਦੀ ਗੋਲੀ' ਸਣੇ ਬੰਦਾ ਕੇਜਰੀਵਾਲ ਦੇ ਅੱਗੇ ਜਾ ਪੁੱਜਾ

ਨਵੀਂ ਦਿੱਲੀ, 27 ਨਵੰਬਰ (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀਆਂ ਮੁਸੀਬਤਾਂ ਘਟਣ ਦਾ ਨਾਮ ਨਹੀਂ ਲੈ ਰਹੀਆਂ। ਮੁੱਖ ਮੰਤਰੀ ਬਣਨ ਪਿੱਛੋਂ ਉਨ੍ਹਾਂ ਉੱਤੇ ਕਈ ਤਰ੍ਹਾਂ ਦੇ ਹਮਲੇ ਹੋਏ। ਕਦੇ ਸਿਆਹੀ ਸੁੱਟੀ ਗਈ ਤੇ ਕਦੇ ਮਿਰਚ ਪਾਊਡਰ ਨਾਲ ਹਮਲਾ ਕੀਤਾ ਗਿਆ। ਇਸ ਵਾਰ ਕੇਜਰੀਵਾਲ ਵਲੋਂ ਆਯੋਜਿਤ ਜਨਤਾ ਦਰਬਾਰ ਵਿਚ ਇਕ ਸ਼ਖਸ ਬੰਦੂਕ ਦੀ ਗੋਲੀ ਲੈ ਕੇ ਪਹੁੰਚ ਗਿਆ, ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਗ੍ਰਿਫਤਾਰ ਕੀਤੇ ਸ਼ਖਸ ਦੀ ਪਛਾਣ ਮੁਹੰਮਦ ਇਮਰਾਨ ਦੇ ਰੂਪ ਵਿਚ ਹੋਈ ਹੈ। ਉਹ ਸੀਲਮਪੁਰ ਦਾ ਰਹਿਣ ਵਾਲਾ ਹੈ ਅਤੇ 12 ਹੋਰ ਇਮਾਮ ਅਤੇ ਮੌਲਵੀਆਂ ਨਾਲ ਦਿੱਲੀ ਵਕਫ ਬੋਰਡ ਵਿਚ ਵਰਕਰਾਂ ਦੀ ਤਨਖਾਹ ਵਧਾਉਣ ਦੀ ਬੇਨਤੀ ਕਰਨ ਲਈ ਜਨਤਾ ਦਰਬਾਰ ਵਿਚ ਆਇਆ ਸੀ। ਮੁੱਖ ਮੰਤਰੀ ਰਿਹਾਇਸ਼ 'ਤੇ ਜਾਂਚ ਦੌਰਾਨ ਸੁਰੱਖਿਆ ਕਰਮਚਾਰੀਆਂ ਨੂੰ ਮੁਹੰਮਦ ਦੇ ਪਰਸ ਵਿਚੋਂ 32 ਬੋਰ ਦੀ ਜ਼ਿੰਦਾ ਗੋਲੀ ਮਿਲੀ ਸੀ। ਗ੍ਰਿਫਤਾਰੀ ਪਿੱਛੋਂ ਉਸ ਨੂੰ ਦਿੱਲੀ ਪੁਲਸ ਨੂੰ ਸੌਂਪ ਦਿੱਤਾ ਗਿਆ। ਉਸ ਦੇ ਵਿਰੁੱਧ ਆਰਮਜ਼ ਐਕਟ ਕੇਸ ਦਰਜ ਕਰਵਾਇਆ ਗਿਆ ਹੈ।



ਮੁਹੰਮਦ ਇਮਰਾਨ ਨੂੰ ਗ੍ਰਿਫਤਾਰ ਕਰਕੇ ਲਿਜਾਂਦੀ ਪੁਲਸ।

ਪੁਲਸ ਦੀ ਪੁੱਛ-ਗਿੱਛ ਵਿਚ ਇਮ-ਰਾਨ ਨੇ ਦੱਸਿਆ ਕਿ ਉਹ ਕਰੋਲ ਬਾਗ ਦੀ ਬਾਵਲੀ ਵਾਲੀ ਮਸਜਿਦ ਦਾ ਵਰਕਰ ਹੈ। 2-3 ਮਹੀਨੇ ਪਹਿਲਾਂ ਉਸ ਨੂੰ ਦਾਨ ਪੇਟੀ ਵਿਚੋਂ ਇਹ ਗੋਲੀ ਮਿਲੀ ਤਾਂ ਉਸ ਦੇ ਭਰਾ ਨੇ ਉਸ ਨੂੰ ਨਦੀ ਵਿਚ ਸੁੱਟਣ ਨੂੰ ਕਿਹਾ ਸੀ, ਪਰ ਉਸ ਨੇ ਨਹੀਂ ਸੁੱਟੀ ਅਤੇ ਪਰਸ ਵਿਚ ਰੱਖ ਲਈ। ਪੁਲਸ ਪੂਰੇ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਤੋਂ ਪਹਿਲਾਂ ਪਿਛਲੇ ਹਫਤੇ ਕੇਜਰੀਵਾਲ 'ਤੇ ਮਿਰਚ ਪਾਊਡਰ ਨਾਲ ਦਿੱਲੀ ਸਕੱਤਰੇਤ ਦੇ ਮੁੱਖ ਮੰਤਰੀ ਚੈਂਬਰ ਦੇ ਅੱਗੇ ਅਨਿਲ ਸ਼ਰਮਾ ਨਾਂ ਦੇ ਸ਼ਖਸ ਨੇ ਹਮਲਾ ਕੀਤਾ ਸੀ। ਇਸ ਬਾਰੇ ਦਿੱਲੀ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿੱਚ ਕਾਫੀ ਚਰਚਾ ਹੋਈ। ਇਸ ਮੌਕੇ ਕੇਜਰੀਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਿਆ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਿੱਲੀ ਦੇ ਮੁੱਖ ਮੰਤਰੀ ਨੂੰ ਸੁਰੱਖਿਆ ਨਹੀਂ ਦੇ ਸਕਦੇ ਤਾਂ ਉਨ੍ਹਾਂ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ।

# ਸਜਾਦ ਲੋਨ ਨੂੰ ਮੁੱਖ ਮੰਤਰੀ ਬਣਾਉਣ ਦੀ ਗੱਲ ਤੋਂ ਜੰਮੂ-ਕਸ਼ਮੀਰ ਦਾ ਗਵਰਨਰ ਮੁੱਕਰਿਆ

ਨਵੀਂ ਦਿੱਲੀ, 27 ਨਵੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਗਵਰਨਰ ਸਤਿਅਪਾਲ ਮਲਿਕ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਸਜਾਦ ਲੋਨ ਨੂੰ ਮੁੱਖ ਮੰਤਰੀ ਬਣਾਉਣਾ ਚਾਹੁੰਦੀ ਸੀ। ਜੇ ਮੈਂ ਏਦਾਂ ਕਰਦਾ ਤਾਂ ਇਹ ਬੇਈਮਾਨੀ ਹੁੰਦੀ। ਉਸ ਦੇ ਬਿਆਨ ਉਤੇ ਭਾਬੜ ਮੱਚ ਗਿਆ ਤਾਂ ਮਲਿਕ ਨੇ ਪਲਟਦੇ ਹੋਏ ਕਿਹਾ ਕਿ ਉਨ੍ਹਾਂ ਦੇ ਬਿਆਨਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ, ਉਨ੍ਹਾਂ ਨੇ ਅਜਿਹੀ ਕੋਈ ਗੱਲ ਹੀ ਨਹੀਂ ਕੀਤੀ। ਮਿਲੀ ਜਾਣਕਾਰੀ ਮੁਤਾਬਕ ਦੋ ਦਿਨ ਪਹਿਲਾਂ ਗਵਾਲੀਅਰ ਦੀ ਇਕ ਪ੍ਰਾਈਵੇਟ ਯੂਨੀਵਰਸਿਟੀ ਦੇ ਸਮਾਰੋਹ ਵਿਚ ਸਤਿਅਪਾਲ ਮਲਿਕ ਨੇ ਕਿਹਾ ਸੀ ਕਿ ਕੇਂਦਰ ਨੇ ਸਜਾਦ ਲੋਨ ਨੂੰ ਮੁੱਖ ਮੰਤਰੀ ਬਣਾਉਣ ਲਈ ਕਿਹਾ ਸੀ। ਜੇ ਮੈਂ ਅਜਿਹਾ ਕਰਦਾ ਤਾਂ ਇਹ ਬੇਈਮਾਨੀ ਹੁੰਦੀ। ਇਸ ਦੀ ਥਾਂ ਮੈਂ ਵਿਧਾਨ ਸਭਾ ਹੀ ਭੰਗ ਕਰ ਦਿਤੀ। ਮੇਰੇ ਇਸ ਫੈਸਲੇ ਉਤੇ ਕੁਝ ਲੋਕ ਚੀਕਣਗੇ ਤਾਂ ਚੀਕਣ, ਮੇਰਾ ਫੈਸਲਾ ਠੀਕ ਹੈ। ਇਸ ਬਿਆਨ ਉਤੇ ਭਾਬੜ ਮੱਚ ਪਿਆ ਤਾਂ ਉਨ੍ਹਾਂ ਨੇ ਕਿਹਾ ਕਿ ਦਿੱਲੀ ਵਲੋਂ ਕੋਈ ਦਬਾਅ ਜਾਂ ਦਖਲ ਨਹੀਂ ਸੀ। ਉਹ ਦੋ ਦਿਨ ਪਹਿਲਾਂ ਦਿਤੇ ਬਿਆਨਾਂ ਤੋਂ ਪਲਟ ਗਏ ਹਨ।



ਜੰਮੂ-ਕਸ਼ਮੀਰ ਦੇ ਗਵਰਨਰ ਸਤਿਅਪਾਲ ਮਲਿਕ

ਉਨ੍ਹਾਂ ਨੇ ਕਿਹਾ ਕਿ ਦਿੱਲੀ ਤੋਂ ਨਾ ਤਾਂ ਕੋਈ ਦਬਾਅ ਸੀ ਤੇ ਨਾ ਕਿਸੇ ਤਰ੍ਹਾਂ ਦਾ ਦਖਲ। ਸਤਿਅਪਾਲ ਮਲਿਕ ਨੇ ਕਿਹਾ ਕਿ ਜੇ ਮਹਿਬੂਬਾ ਮੁਫ਼ਤੀ ਅਤੇ ਉਮਰ ਅਬਦੁੱਲਾ ਸਰਕਾਰ ਬਣਾਉਣ ਦੇ ਪ੍ਰਤੀ ਗੰਭੀਰ ਹੁੰਦੇ ਤਾਂ ਫੋਨ ਕਰ ਸਕਦੇ ਜਾਂ ਕਿਸੇ ਹੱਥ ਪੱਤਰ ਭੇਜ ਸਕਦੇ ਸਨ। ਮੇਰਾ ਫੋਨ ਹਮੇਸ਼ਾ ਖੁੱਲ੍ਹਾ ਰਹਿੰਦਾ ਹੈ। ਰਾਤ ਨੂੰ ਦੋ ਵਜੇ ਵੀ ਮੈਂ ਵਟਸਐਪ ਉਤੇ ਵੀ ਮੈਸੇਜ਼ ਆਉਣ ਉਤੇ ਸਮੱਸਿਆਵਾਂ ਦਾ ਹੱਲ ਕਰਨ ਦੀ ਕੋਸ਼ਿਸ਼ ਕਰਦਾ ਹਾਂ।

ਇਸ ਤੋਂ ਪਹਿਲਾਂ ਮਲਿਕ ਨੇ ਕਿਹਾ ਸੀ ਕਿ ਮਹਿਬੂਬਾ ਮੁਫਤੀ ਨੇ ਮੈਨੂੰ ਇਕ ਹਫ਼ਤਾ ਪਹਿਲਾਂ ਕਿਹਾ ਸੀ ਕਿ ਉਨ੍ਹਾਂ ਦੇ ਵਿਧਾਇਕਾਂ ਨੂੰ ਧਮਕਾਇਆ ਜਾ ਰਿਹਾ ਹੈ। ਮਲਿਕ ਨੇ ਕਿਹਾ ਕਿ ਸਜਾਦ ਲੋਨ ਕਹਿੰਦੇ ਸਨ ਕਿ ਉਨ੍ਹਾਂ ਕੋਲ ਵੀ ਸਮਰੱਥ ਵਿਧਾਇਕ ਹਨ। ਉਨ੍ਹਾਂ ਦੇ ਵਿਧਾਇਕਾਂ ਨੂੰ ਧਮਕਾਇਆ ਜਾ ਰਿਹਾ ਹੈ। ਮੈਂ ਲੋਨ ਨੂੰ ਮੌਕਾ ਦੇ ਕੇ ਮੈਂ ਪੱਖਪਾਤ ਨਹੀਂ ਕਰਨਾ ਚਾਹੁੰਦਾ ਸੀ। ਵਰਨਣ ਯੋਗ ਹੈ ਕਿ ਜੰਮੂ ਕਸ਼ਮੀਰ ਵਿਚ ਭਾਜਪਾ ਨੇ ਪੀ ਡੀ ਪੀ ਤੋਂ ਸਮਰਥਨ ਵਾਪਸ ਲੈ ਲਿਆ ਸੀ, ਜਿਸ ਤੋਂ ਬਾਅਦ ਉਥੇ ਗਵਰਨਰ ਸ਼ਾਸਨ ਲਾਗੂ ਹੈ। ਇਸ ਦੇ ਮੱਦੇਨਜਰ ਰਾਜ ਵਿਚ ਸਰਕਾਰ ਬਣਾਉਣ ਨੂੰ ਲੈ ਕੇ ਜੋੜ-ਤੋੜ ਚੱਲ ਰਹੀ ਸੀ। ਇਸ ਦੇ ਚਲਦੇ ਗਵਰਨਰ ਸਤਿਅਪਾਲ ਮਲਿਕ ਨੇ ਵਿਧਾਨ ਸਭਾ ਭੰਗ ਕਰਨ ਦਾ ਫੈਸਲਾ ਕੀਤਾ।

# ਦਿੱਲੀ ਦੇ ਪ੍ਰਦੂਸ਼ਣ ਬਾਰੇ ਸੁਪਰੀਮ ਕੋਰਟ ਸਖਤ ਹੋਈ

ਨਵੀਂ ਦਿੱਲੀ, 27 ਨਵੰਬਰ (ਪੋਸਟ ਬਿਊਰੋ)- ਰਾਜਧਾਨੀ ਦਿੱਲੀ ਵਿੱਚ ਲਗਾਤਾਰ ਨਿਘਾਰ ਵੱਲ ਜਾਂਦੀ ਹਵਾ ਦੀ ਗੁਣਵੱਤਾ 'ਤੇ ਸੁਪਰੀਮ ਕੋਰਟ ਨੇ ਚਿੰਤਾ ਪ੍ਰਗਟ ਕਰਦਿਆਂ ਸਖਤ ਲਫਜ਼ਾਂ 'ਚ ਪ੍ਰਭਾਵਸ਼ਾਲੀ ਕਦਮ ਚੁੱਕਣ ਨੂੰ ਕਿਹਾ ਹੈ। ਅਦਾਲਤ ਨੇ ਸਥਾਨਕ ਏਜੰਸੀਆਂ ਨੂੰ ਝਾੜ ਪਾ ਕੇ ਕਿਹਾ ਕਿ ਉਹ ਲੋਕਾਂ ਖਿਲਾਫ ਧਿਆਨ ਦੇਣ 'ਚ ਨਾਕਾਮ ਰਹੀਆਂ ਹਨ।

ਸੁਪਰੀਮ ਕੋਰਟ ਨੇ ਪ੍ਰਦੂਸ਼ਣ ਦੀਆਂ ਸ਼ਿਕਾਇਤਾਂ ਦਾ ਹੱਲ ਨਾ ਲੱਭਣ ਵਾਲੀਆਂ ਸਥਾਨਕ ਏਜੰਸੀਆਂ ਉੱਤੇ ਕਾਨੂੰਨੀ ਕਾਰਵਾਈ ਕਰਨ ਨੂੰ ਕਿਹਾ ਅਤੇ ਇਸ ਦੇ ਨਾਲ ਸੁਝਾਅ ਦਿੱਤਾ ਕਿ ਇਸ ਮਾਮਲੇ ਦੀ ਗੰਭੀਰਤਾ ਨੂੰ ਸਮਝਾਉਣ ਲਈ ਕਿਸੇ ਨਾ ਕਿਸੇ ਨੂੰ ਜੇਲ੍ਹ ਭੇਜਿਆ ਜਾਣਾ ਚਾਹੀਦਾ ਹੈ। ਜ਼ਿਕਰ ਯੋਗ ਹੈ ਕਿ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ ਪੀ ਸੀ ਬੀ) ਵੱਲੋਂ ਸਮੀਰ ਮੋਬਾਈਲ ਐਪ ਬਣਾਇਆ ਗਿਆ ਸੀ, ਜਿਸ ਨਾਲ ਲੋਕ ਪ੍ਰਦੂਸ਼ਣ ਸਬੰਧੀ ਸ਼ਿਕਾਇਤਾਂ ਦਰਜ ਕਰਵਾ ਸਕਦੇ ਹਨ। ਕੇਂਦਰ ਨੇ ਅਦਾਲਤ 'ਚ ਜਾਣਕਾਰੀ ਦਿੰਦਿਆਂ ਕਿਹਾ ਕਿ ਪ੍ਰਦੂਸ਼ਣ ਸਬੰਧੀ 749 ਸ਼ਿਕਾਇਤਾਂ ਸੋਸ਼ਲ ਮੀਡੀਆ ਰਾਹੀਂ ਅਤੇ 3000 ਤੋਂ ਵੱਧ ਜਿਨ੍ਹਾਂ 'ਚੋਂ ਕੁਝ ਸ਼ਿਕਾਇਤਾਂ 'ਤੇ ਕਾਰਵਾਈ ਕੀਤੀ ਹੈ।

# ਜਾਦੂ ਟੋਣਾ ਦੇ ਸ਼ੱਕ ਵਿੱਚ ਮਹਿਲਾ ਦਾ ਗੋਲੀ ਮਾਰ ਕੇ ਕਤਲ

ਸਹਾਰਨਪੁਰ, 27 ਨਵੰਬਰ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਸਹਾਰਨ-ਪੁਰ ਦੇ ਤੀਤਰੋ ਖੇਤਰ ਵਿੱਚ ਇਕ ਨੌਜਵਾਨ ਨੇ ਜਾਦੂ ਟੋਣਾ ਕਰਨ ਦੇ ਸ਼ੱਕ ਵਿੱਚ ਇਕ ਮਹਿਲਾ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ। ਪੁਲਸ ਕਮਿਸ਼ਨਰ (ਦੇਹਾਤੀ) ਵਿਦਿਆ ਸਾਗਰ ਮਿਸ਼ਰ ਨੇ ਦੱਸਿਆ ਕਿ ਕਸਬਾ ਤੀਤਰੋ ਦੇ ਮੁਹੱਲਾ ਸ਼ੇਖ ਜਾਦਗਾਨ ਵਿੱਚ ਬੀਤੀ ਰਾਤ ਆਸ਼ਿਦ ਨਾਮਕ ਨੌਜਵਾਨ ਨੇ ਗੁਆਂਢੀ ਨਾਜ਼ਮ ਖਾਨ ਦੀ 44 ਸਾਲਾ ਪਤਨੀ ਸਾਹਿਨ ਖਾਨ ਨੂੰ ਗੋਲੀ ਮਾਰ ਦਿੱਤੀ, ਜਿਸ ਨਾਲ ਉਸ ਦੀ ਮੌਤ ਹੋ ਗਈ। ਉਨ੍ਹਾਂ ਨੇ ਦੱਸਿਆ ਕਿ ਆਸ਼ਿਦ ਖਾਨ ਦੇ ਛੋਟੇ ਭਰਾ ਸੂਫੀਆਨ ਦੀ ਕੁਝ ਦਿਨ ਪਹਿਲਾ ਬਿਮਾਰੀ ਕਾਰਨ ਮੌਤ ਹੋ ਗਈ ਸੀ। ਉਸ ਦੇ ਪਰਵਾਰ ਦੇ ਲੋਕਾਂ ਨੂੰ ਗੁਆਂਢੀ ਮਹਿਲਾ ਸਾਹਿਨ ਖਾਨ 'ਤੇ ਸ਼ੱਕ ਸੀ ਕਿ ਉਸ ਨੇ ਸੂਫੀਆਨ 'ਤੇ ਜਾਦੂ ਟੋਣਾ ਕਰਾ ਦਿੱਤਾ, ਜਿਸ ਨਾਲ ਉਸ ਦੀ ਮੌਤ ਹੋ ਗਈ। ਉਨ੍ਹਾਂ ਨੇ ਦੱਸਿਆ ਕਿ ਸਾਹਿਨ ਖਾਨ ਆਪਣੀ 18 ਸਾਲਾ ਬੇਟੀ ਨਜ਼ਮਾ ਨਾਲ ਰਾਤ ਬਾਜ਼ਾਰ ਤੋਂ ਘਰ ਵਾਪਸ ਰਹੀ ਸੀ ਤਾਂ ਕੁਰੈਸ਼ੀ ਵਾਲੀ ਗਲੀ ਨੇੜੇ ਆਸ਼ਿਦ ਨੇ ਬੰਦੂਕ ਨਾਲ ਉਸ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ, ਜਿਸ ਨਾਲ ਉਸ ਦੀ ਮੌਕੇ 'ਤੇ ਮੌਤ ਹੋ ਗਈ। ਉਸ ਦੀ ਬੇਟੀ ਨਜ਼ਮਾ ਨੇ ਭੱਜ ਕੇ ਜਾਨ ਬਚਾਈ। ਇਸ ਮਾਮਲੇ ਵਿੱਚ ਮਹਿਲਾ ਦੇ ਜੇਠ ਤੁਰਾ ਖਾਨ ਨੇ ਆਸ਼ਿਦ, ਉਸ ਦੇ ਪਿਤਾ ਸਮੇਤ ਤਿੰਨ ਲੋਕਾਂ ਖਿਲਾਫ ਹੱਤਿਆ ਦੀ ਰਿਪੋਰਟ ਦਰਜ ਕਰਾਈ ਹੈ। ਘਟਨਾ ਦੇ ਬਾਅਦ ਤੋਂ ਤਿੰਨੋਂ ਦੋਸ਼ੀ ਫਰਾਰ ਹਨ।

# ਮੇਰੇ ਮਾਂ-ਪਿਓ ਨੂੰ ਗਾਲ੍ਹ ਕੱਢੀ, ਕੀ ਇਹ ਪ੍ਰਧਾਨ ਮੰਤਰੀ ਦੀ ਮਰਿਆਦਾ ਹੈ: ਅਬਦੁੱਲਾ

ਨਵੀਂ ਦਿੱਲੀ, 27 ਨਵੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਨੇ ਸਿਆਸਤ 'ਚ ਰੋਜ਼ ਦੀ ਭਾਸ਼ਾ ਦੇ ਡਿੱਗਦੇ ਪੱਧਰ ਉੱਤੇ ਚਿੰਤਾ ਜ਼ਾਹਿਰ ਕੀਤੀ ਹੈ। ਨੈਸ਼ਨਲ ਕਾਨਫਰੰਸ ਦੇ ਸਾਬਕਾ ਪ੍ਰਧਾਨ ਅਬਦੁੱਲਾ ਨੇ ਇਸ ਦੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਵੀ ਨਿਸ਼ਾਨਾ ਵਿੰਨ੍ਹਿਆ ਹੈ।

ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਦੀ ਕਿਤਾਬ 'ਫੇਬਲਸ ਆਫ ਫਰੈਕਚਰਡ ਟਾਈਮ' ਦੀ ਘੁੰਡ ਚੁਕਾਈ ਦੇ ਲਈ ਦਿੱਲੀ ਆਏ ਫਾਰੂਕ ਅਬਦੁੱਲਾ ਨੇ ਕਿਹਾ, 'ਅੱਜ ਰਾਜਨੀਤੀ ਦਾ ਪੱਧਰ ਇੰਨਾ ਡਿੱਗ ਗਿਆ ਹੈ ਕਿ ਲੋਕ ਦੇਸ਼ ਲਈ ਨਹਿਰੂ ਵੱਲੋਂ ਦਿੱਤੇ ਯੋਗਦਾਨ ਨੂੰ ਭੁੱਲ ਗਏ ਹਨ। ਇੰਦਰਾ ਗਾਂਧੀ ਨੇ ਇਸ ਦੇਸ਼ ਲਈ ਆਪਣੀ ਜਾਨ ਦਿੱਤੀ। ਰਾਜੀਵ ਗਾਂਧੀ ਤੇ ਹੋਰ ਪ੍ਰਧਾਨ ਮੰਤਰੀਆਂ ਨੇ ਦੇਸ਼ ਨੂੰ ਬਣਾਉਣ ਵਿੱਚ ਆਪਣਾ ਪੂਰਾ ਸਮਾਂ



ਦਿੱਤਾ ਹੈ। ਜੇ ਅਸੀਂ ਅੱਜ ਇਥੇ ਬੈਠੇ ਹਾਂ ਤਾਂ ਉਨ੍ਹਾਂ ਕਾਰਨ ਬੈਠੇ ਹਾਂ।' ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਹਮਲਾ ਬੋਲਦੇ ਹੋਏ ਅਬਦੁੱਲਾ ਨੇ ਕਿਹਾ, 'ਅੱਜ ਕੀ ਹੋ ਰਿਹਾ ਹੈ? ਪ੍ਰਧਾਨ ਮੰਤਰੀ ਕਹਿੰਦਾ ਹੈ ਕਿ ਮੇਰੇ ਮਾਤਾ-ਪਿਤਾ ਨੂੰ ਗਾਲ੍ਹ ਕੱਢੀ ਜਾ ਰਹੀ ਹੈ। ਕੀ ਇਹ ਪ੍ਰਧਾਨ ਮੰਤਰੀ ਦਾ ਲੈਵਲ ਹੈ। ਮੈਂ ਕਦੇ ਆਪਣੀ ਗੱਲ ਵਿੱਚ ਆਪਣੇ ਮਾਤਾ-ਪਿਤਾ ਦੀ ਵਰਤੋਂ ਨਹੀਂ ਕੀਤੀ। ਦੇਸ਼ ਦਾ ਪ੍ਰਧਾਨ ਮੰਤਰੀ ਹੋਣ ਦੇ ਨਾਤੇ ਉਨ੍ਹਾਂ ਨੂੰ ਵੱਡੀ ਸੋਚ ਰੱਖਣੀ ਚਾਹੀਦੀ ਹੈ।'

ਫਾਰੂਕ ਅਬਦੁੱਲਾ ਨੇ ਇਸ ਦੌਰਾਨ ਸਾਬਕਾ ਪ੍ਰਧਾਨ ਅਟਲ ਬਿਹਾਰੀ ਵਾਜਪਾਈ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ 'ਵਾਜਪਾਈ ਜੀ ਨੇ ਮੈਨੂੰ ਦੱਸਿਆ ਕਿ ਜਦੋਂ ਉਨ੍ਹਾਂ ਨੇ ਆਪਣਾ ਪਹਿਲਾ ਭਾਸ਼ਣ ਦਿੱਤਾ ਸੀ, ਉਦੋਂ ਨਹਿਰੂ ਨੇ ਉਨ੍ਹਾਂ ਕੋਲ ਜਾ ਕੇ ਕਿਹਾ ਕਿ ਅਟਲ ਤੁਸੀਂ ਇਕ ਦਿਨ ਦੇਸ਼ ਦੇ ਪ੍ਰਧਾਨ ਮੰਤਰੀ ਬਣੋਗੇ। ਅਟਲ ਆਰ ਐੱਸ ਐੱਸ ਨਾਲ ਸਬੰਧਿਤ ਸਨ ਪਰ ਉਨ੍ਹਾਂ ਨੂੰ ਪਤਾ ਸੀ ਕਿ ਦੇਸ਼ ਇਕ ਨਾਲ ਨਹੀਂ, ਸਾਰਿਆਂ ਨੂੰ ਜੋੜ ਕੇ ਬਣਦਾ ਹੈ ਤੇ ਅਤੀਤ ਵਿੱਚ ਜਿਨ੍ਹਾਂ ਲੋਕਾਂ ਨੇ ਇਸ ਨੂੰ ਬਣਾਉਣ 'ਚ ਯੋਗਦਾਨ ਦਿੱਤਾ ਹੈ, ਉਨ੍ਹਾਂ ਨੂੰ ਭੁਲਾਇਆ ਨਹੀਂ ਜਾ ਸਕਦਾ।' ਫਾਰੂਕ ਨੇ ਇਸ ਦੌਰਾਨ ਕਾਂਗਰਸ ਬਾਰੇ ਵੀ ਸ਼ਿਕਾਇਤ ਕੀਤੀ। ਉਨ੍ਹਾਂ ਕਿਹਾ, 'ਕਾਂਗਰਸ ਤੋਂ ਮੈਨੂੰ ਸ਼ਿਕਾਇਤ ਹੈ ਕਿ ਉਸ ਨੂੰ ਅਟਲ ਬਿਹਾਰੀ ਵਾਜਪਾਈ ਨੂੰ ਉਸ ਸਮੇਂ ਭਾਰਤ ਰਤਨ ਦੇਣਾ ਚਾਹੀਦਾ ਸੀ, ਜਦੋਂ ਉਹ ਸਾਡੇ ਵਿਚ 'ਚ ਸਨ ਤੇ ਉਨ੍ਹਾਂ ਦੀ ਸਿਹਤ ਵੀ ਸਹੀ ਸੀ।'

# ਸੋਨਾਕਸ਼ੀ ਸਮੇਤ ਹੋਰ ਉੱਤੇ ਧੋਖਾਧੜੀ ਦਾ ਕੇਸ ਦਰਜ

ਮੁੰਬਈ, 27 ਨਵੰਬਰ (ਪੋਸਟ ਬਿਊਰੋ)- ਬਾਲੀਵੁੱਡ ਅਭਿਨੇਤਰੀ ਸੋਨਾਕਸ਼ੀ ਸਿਨਹਾ ਸਮੇਤ ਸੱਤ ਲੋਕਾਂ 'ਤੇ ਲੱਖਾਂ ਰੁਪਏ ਦੀ ਧੋਖਾਧੜੀ ਦਾ ਦੋਸ਼ ਲੱਗਾ ਅਤੇ ਇਸ ਬਾਰੇ ਪੁਲਸ ਨੂੰ ਸ਼ਿਕਾਇਤ ਦਰਜ ਕਰਾਈ ਗਈ ਹੈ। ਇਕ ਇੰਡੀਅਨ ਫੈਸ਼ਨ ਤੇ ਬਿਊਟੀ ਐਵਾਰਡ ਕੰਪਨੀ ਦੇ ਮਾਲਕ ਨੇ ਇਨ੍ਹਾਂ ਲੋਕਾਂ 'ਤੇ 28 ਲੱਖ ਦੀ ਧੋਖਾਧੜੀ ਕਰਨ ਦਾ ਦੋਸ਼ ਲਗਾਇਆ ਹੈ। ਦੱਸਿਆ ਜਾ ਰਿਹਾ ਹੈ ਕਿ ਦਿੱਲੀ ਵਿੱਚ ਇਕ ਸ਼ੋਅ ਕਰਨ ਲਈ ਕੰਪਨੀ ਨੇ ਸੋਨਾਕਸ਼ੀ ਸਿਨਹਾ ਦੇ ਖਾਤੇ ਵਿੱਚ 28 ਲੱਖ ਰੁਪਏ ਪਾਏ ਸਨ। ਹਵਾਈ ਜਹਾਜ਼ ਦੀ ਟਿਕਟ ਵੀ ਕਰਵਾਈ, ਪਰ ਮੌਕੇ 'ਤੇ ਉਨ੍ਹਾਂ ਆਉਣ ਤੋਂ ਇਨਕਾਰ ਕਰ ਦਿੱਤਾ। ਸੋਨਾਕਸ਼ੀ ਉੱਤੇ ਦੋਸ਼ ਹੈ ਕਿ ਉਨ੍ਹਾਂ ਪੈਸੇ ਵੀ ਲਏ ਤੇ ਪ੍ਰੋਗਰਾਮ 'ਚ ਵੀ ਸ਼ਾਮਲ ਨਹੀਂ ਹੋਈ। ਕੰਪਨੀ ਦੇ ਮਾਲਕ ਮੁਰਾਦਾਬਾਦ ਨਿਵਾਸੀ ਪ੍ਰਮੋਦ ਸ਼ਰਮਾ ਨੇ ਸੋਨਾਕਸ਼ੀ ਦੇ ਖਿਲਾਫ ਸ਼ਿਕਾਇਤ ਕੀਤੀ ਹੈ।

ਮੀਡੀਆ ਰਿਪੋਰਟਾਂ ਅਨੁਸਾਰ 30 ਸਤੰਬਰ 2018 ਨੂੰ ਦਿੱਲੀ ਵਿੱਚ ਇੰਡੀਅਨ ਫੈਸ਼ਨ ਐਂਡ ਬਿਊਟੀ ਐਵਾਰਡ ਸਮਾਰੋਹ ਕਰਵਾਇਆ ਗਿਆ ਸੀ। ਇਸ ਵਿੱਚ ਐਵਾਰਡ ਦੇਣ ਲਈ ਸੋਨਾਕਸ਼ੀ ਨੂੰ ਸੱਦਿਆ ਸੀ। ਜੂਨ ਮਹੀਨੇ ਸਮਝੌਤਾ ਕਰ ਲਿਆ ਗਿਆ। ਸੋਨਾਕਸ਼ੀ ਨੂੰ ਇਸ ਪ੍ਰੋਗਰਾਮ 'ਚ ਆਉਣ ਦੀ ਜਾਣਕਾਰੀ ਵੀ ਸੀ। ਇਸ ਤੋਂ ਬਾਅਦ ਉਨ੍ਹਾਂ ਦੇ ਖਾਤੇ 'ਚ ਮੁਰਾਦਾਬਾਦ ਤੋਂ ਆਨਲਾਈਨ ਰੁਪਏ ਪਾਏ ਗਏ ਸਨ। ਸ਼ੋਅ 'ਚ ਆਉਣ ਲਈ ਸੱਤ ਹਵਾਈ ਟਿਕਟਾਂ ਵੀ ਸਵੇਰੇ 10 ਵਜੇ ਦੀਆਂ ਬੁੱਕ ਕਰਾਈਆਂ ਗਈਆਂ ਸਨ।

# ਰਾਹੁਲ ਗਾਂਧੀ ਨੇ ਆਪਣੇ ਆਪ ਨੂੰ ਕੌਲ ਬ੍ਰਾਹਮਣ ਤੇ ਗੋਤ ਦੱਤਾਤ੍ਰੇਯ ਦੱਸਿਆ



ਅਜਮੇਰ, 27 ਨਵੰਬਰ (ਪੋਸਟ ਬਿਊਰੋ)- ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕੱਲ੍ਹ ਅਜਮੇਰ ਦੇ ਖਵਾਜ਼ਾ ਮੋਇਨੂਦੀਨ ਹਸਨ ਚਿਸ਼ਤੀ ਦੀ ਦਰਗਾਹ ਵਿੱਚ ਜ਼ਿਆਰਤ ਕਰਨ ਦੇ ਬਾਅਦ ਤੀਰਥਰਾਜ ਪੁਸ਼ਕਰ ਵਿੱਚ ਪੁਸ਼ਕਰ ਸਰੋਵਰ ਦੇ ਬ੍ਰਹਮਾ ਸਵਿੱਤਰੀ ਘਾਟ ਤੇ ਬ੍ਰਹਮਾ ਮੰਦਿਰ ਵਿੱਚ ਵਿਧੀਵਤ ਪੂਜਾ ਕੀਤੀ। ਇਸ ਮੌਕੇ ਗਾਂਧੀ-ਨਹਿਰੂ ਪਰਵਾਰ ਦੇ ਪੰਡਿਤ ਰਾਜਨਾਥ ਕੌਲ ਅਤੇ ਦੀਨਾਨਾਥ ਕੌਲ ਨੇ ਰਾਹੁਲ ਗਾਂਧੀ ਤੋਂ ਉਨ੍ਹਾਂ ਦਾ ਗੋਤਰ ਪੁੱਛਿਆ ਤਾਂ ਉਨ੍ਹਾਂ ਨੇ ਖੁਦ ਨੂੰ ਕੌਲ ਬ੍ਰਾਹਮਣ ਅਤੇ ਗੋਤਰ ਦੱਤਾਤ੍ਰੇਯ ਦੱਸਦੇ ਹੋਏ ਪੂਜਾ ਕੀਤੀ।

ਵਰਨਣ ਯੋਗ ਹੈ ਕਿ ਭਾਜਪਾ ਦੇ ਬੁਲਾਰੇ ਸੰਬਿਤ ਪਾਤਰਾ ਨੇ ਪਿਛਲੇ ਦਿਨੀਂ ਰਾਹੁਲ ਗਾਂਧੀ ਨੂੰ ਗੋਤਰ ਜਨਤਕ ਕਰਨ ਲਈ ਕਿਹਾ ਸੀ। ਰਾਹੁਲ ਨੇ ਦਰਗਾਹ ਵਿੱਚ ਕਾਂਗਰਸ ਦੀ ਜਿੱਤ ਦੀ ਦੁਆ ਮੰਗੀ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕੱਲ੍ਹ ਵਾਅਦਾ ਕੀਤਾ ਕਿ ਰਾਜਸਥਾਨ ਵਿੱਚ ਕਾਂਗਰਸ ਦੀ ਸਰਕਾਰ ਬਣਦੇ ਹੀ 10 ਦਿਨ ਵਿੱਚ ਕਿਸਾਨਾਂ ਦਾ ਕਰਜ਼ਾ ਮੁਆਫ ਕਰ ਦਿੱਤਾ ਜਾਏਗਾ। ਪ੍ਰਧਾਨ ਮੰਤਰੀ ਮੋਦੀ ਨੂੰ ਘੇਰਦੇ ਹੋਏ ਰਾਹੁਲ ਨੇ ਕਿਹਾ ਕਿ ਦੇਸ਼ ਦਾ ਰੇਲ ਬਜਟ ਕਰੀਬ ਇੱਕ ਲੱਖ 20 ਹਜ਼ਾਰ ਕਰੋੜ ਰੁਪਏ ਹੈ, ਪਰ ਇਸ ਦਾ ਲਾਭ ਆਮ ਜਨਤਾ ਨੂੰ ਨਹੀਂ ਮਿਲਦਾ। ਭਾਰਤੀ ਰੇਲਵੇ ਦਾ ਨਾਂਅ ਬਦਲ ਕੇ ਅਡਾਨੀ ਰੇਲਵੇ ਕਰ ਦੇਣਾ ਚਾਹੀਦਾ ਅਤੇ ਭਾਰਤੀ ਹਵਾਈ ਫੌਜ ਦਾ ਨਾਂਅ ਬਦਲ ਕੇ ਅੰਬਾਨੀ ਏਅਰਫੋਰਸ ਕਰ ਦੇਣਾ ਚਾਹੀਦਾ ਹੈ।

# ਕਰੂਡ ਆਇਲ ਦੇ ਸਸਤੇ ਹੋਣ ਦਾ ਗ੍ਰਾਹਕਾਂ ਨੂੰ ਪੂਰਾ ਫਾਇਦਾ ਨਹੀਂ ਮਿਲਿਆ

ਨਵੀਂ ਦਿੱਲੀ, 27 ਨਵੰਬਰ (ਪੋਸਟ ਬਿਊਰੋ)- ਪਿਛਲੇ ਕੁਝ ਸਮੇਂ ਵਿੱਚ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਗਿਰ-ਾਵਟ ਆਈ ਹੈ, ਪਰ ਭਾਰਤ ਵਿੱਚ ਪੈਟਰੋਲ ਡੀਜ਼ਲ ਦੇ ਗ੍ਰਾਹਕਾਂ ਨੂੰ ਇਸ ਦਾ ਪੂਰਾ ਲਾਭ ਨਹੀਂ ਮਿਲ ਰਿਹਾ। ਅਕਤੂਬਰ ਦੀ ਸ਼ੁਰੂਆਤ ਤੋਂ ਦੇਸ਼ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ 7-11 ਪ੍ਰਤੀਸ਼ਤ ਦੀ ਕਮੀ ਆਈ ਹੈ, ਪਰ ਇਨ੍ਹਾਂ ਦੇ ਇੰਟਰਨੈਸ਼ਨਲ ਪ੍ਰਾਈਸੇਜ਼ ਕਰੀਬ 25 ਪ੍ਰਤੀਸ਼ਤ ਥੱਲੇ ਆਏ ਹਨ।

ਕਰੂਡ ਦਾ ਗਲੋਬਲ ਪ੍ਰਾਈਸ ਤਿੰਨ ਅਕਤੂਬਰ ਨੂੰ 86.7 ਡਾਲਰ ਪ੍ਰਤੀ ਬੈਰਲ ਸੀ, ਜੋ ਪਿਛਲੇ ਹਫਤੇ ਡਿੱਗ ਕੇ 60 ਡਾਲਰ ਪ੍ਰਤੀ ਬੈਰਲ ਤੋਂ ਥੱਲੇ ਆ ਗਿਆ। ਈਰਾਨ ਤੋਂ ਆਇਲ ਦੇ ਵੱਡੇ ਖਰੀਦਦਾਰਾਂ ਨੂੰ ਪਾਬੰਦੀਆਂ ਤੋਂ ਛੋਟ ਦੇ ਅਮਰੀਕਾ ਦੇ ਫੈਸਲੇ ਅਤੇ ਅਮਰੀਕਾ, ਰੂਸ ਤੇ ਸਾਊਦੀ ਅਰਬ ਵੱਲੋਂ ਪ੍ਰੋਡਕਸ਼ਨ ਵਧਾਉਣ ਦੇ ਕਾਰਨ ਗਲੋਬਲ ਮਾਰਕੀਟ ਵਿੱਚ ਵਾਧੂ ਸਪਲਾਈ ਦੀ ਸਥਿਤੀ ਬਣ ਗਈ ਹੈ। ਪੈਟਰੋਲ ਅਤੇ ਡੀਜ਼ਲ ਦੇ ਸਿੰਗਾਪੁਰ ਬੈਂਚਮਾਰਕ ਕ੍ਰਮਵਾਰ 26 ਅਤੇ 25 ਪ੍ਰਤੀਸ਼ਤ ਡਿੱਗੇ ਹਨ। ਪੈਟਰੋਲੀਅਮ ਕੰਪਨੀਆਂ ਫਿਊਲ ਦੀ ਰਿਟੇਲ ਕੀਮਤਾਂ ਤੈਅ ਕਰਨ ਲਈ ਪਿਛਲੇ ਪਖਵਾੜੇ





ਵਿੱਚ ਫਿਊਲ ਦੇ ਇੰਟਰਨੈਸ਼ਨਲ ਰੇਟ ਅਤੇ ਮੌਜੂਦਾ ਐਕਸਚੇਂਜ ਰੇਟ ਦੇ ਨਾਲ ਫ੍ਰੈਟ, ਇੰਸ਼ੋਰੈਂਸ ਅਤੇ ਕੁਝ ਹੋਰ ਚਾਰਜੇਜ਼ ਨੂੰ ਦੇਖਦੀਆਂ ਹਨ। ਅੰਤਿਮ ਰਿਟੇਲ ਪ੍ਰਾਈਸ ਵਿੱਚ ਕੇਂਦਰ ਅਤੇ ਰਾਜ ਦੇ ਟੈਕਸ ਦੇ ਨਾਲ ਹੀ ਡੀਲਰਸ ਦਾ ਕਮਿਸ਼ਨ ਜੋੜਿਆ ਜਾਂਦਾ ਹੈ। ਇਸ ਪ੍ਰਾਈਸ ਨੂੰ ਰੋਜ਼ਾਨਾ ਪਬਲਿਸ਼ ਕੀਤਾ ਜਾਂਦਾ ਹੈ। ਇੰਡੀਅਨ ਆਇਲ ਦੇ ਇਕ ਸੀਨੀਅਰ ਐਗਜ਼ੀਕਿਊਟਿਵ ਨੇ ਦੱਸਿਆ ਕਿ ਗਲੋਬਲ ਲੈਵਲ 'ਤੇ ਪ੍ਰਾਈਸ ਡਿੱਗਣ ਨਾਲ ਫਿਊਲ, ਮੁੱਖ ਤੌਰ ਉੱਤੇ ਪੈਟਰੋਲ ਮਾਰਜਿਨ ਡਿੱਗਾ ਹੈ। ਡੋਮੈਸਿਟਕ ਮਾਰਕੀਟ ਵਿੱਚ ਮੌਜੂਦਾ ਰਿਟੇਲ ਰੇਟ੍ਸ ਨਾਲ ਅਜਿਹਾ ਨਹੀਂ ਦਿੱਸਦਾ। ਇਹ ਅਟਕਲ ਲੱਗਦੀ ਹੈ ਕਿ ਭਾਰਤੀ ਪੈਟਰੋਲੀਅਮ ਕੰਪਨੀਆਂ ਗ੍ਰਾਹਕਾਂ ਦੇ ਹਿੱਤ ਦੀ ਅਣਦੇਖੀ ਕਰਕੇ ਮਾਰਜਿਨ ਵਧਾ ਰਹੀ ਹੈ ਅਤੇ ਡੀਲਰਸ ਨੂੰ ਉਸ ਪ੍ਰਾਈਸ ਤੋਂ ਜ਼ਿਆਦਾ ਕੀਮਤ 'ਤੇ ਫਿਊਲ ਵੇਚ ਰਹੀ ਹੈ, ਜੋ ਡੋਮੈਸਿਟਕ ਪ੍ਰਾਈਸ ਫਾਰਮੂਲੇ ਨਾਲ ਤੈਅ ਹੋਣਾ ਚਾਹੀਦਾ।


◆ Insurance ◆

Punjab Insurance Inc



- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA

Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

DIXIE
Registered Private Career College
TRUCK & FORKLIFT DRIVING SCHOOL
CLASS A,Z & FORKLIFT TRAINING
Contact Us for Great Results, Early Road Tests & Flexible Timing
- Special Training For Nervous Drivers
- Lady Instructor Available
- One to One Training
Forklift $79
Air Brake
Truck Driving Course
○ Counter Balance ○ Order Picker
○ Raymond Reach ○ Walkie
○ Cheery Picker
AIR BRAKES CLASSES EVERY WED - THURS & SAT - SUN
Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9



BANKRUPTCY, PROPOSAL, R9........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9






# ਰੂਸ ਨੇ ਯੂਕਰੇਨ ਦੇ ਤਿੰਨ ਸਮੁੰਦਰੀ ਜਹਾਜ਼ ਜ਼ਬਤ ਕੀਤੇ

ਕੀਵ, 27 ਨਵੰਬਰ (ਪੋਸਟ ਬਿਊਰੋ)- ਰੂਸ ਅਤੇ ਯੂਕਰੇਨ ਵਿਚਾਲੇ ਤਣਾਅ ਦੀ ਸਥਿਤੀ ਫਿਰ ਬਣ ਗਈ ਹੈ। ਇਸ ਵਾਰ ਰੂਸ ਨੇ ਕ੍ਰੀਮੀਆ ਦੇ ਨੇੜੇ ਯੂਕਰੇਨ ਦੇ ਤਿੰਨ ਸਮੁੰਦਰੀ ਜਹਾਜ਼ ਜ਼ਬਤ ਕਰ ਲਏ ਹਨ। ਬਦਲਦੇ ਘਟਨਾਕ੍ਰਮ ਨੂੰ ਦੇਖਦੇ ਹੋਏ ਯੂ ਐਨ ਸਕਿਓਰਟੀ ਕੌਂਸਲ )ਯੂ ਐੱਨ ਐੱਸ ਸੀ) ਨੇ ਤੁਰੰਤ ਮੀਟਿੰਗ ਸੱਦੀ ਹੈ।

ਅਣਸੁਖਾਵੇਂ ਘਟਨਾਕ੍ਰਮ ਵਿੱਚ ਰੂਸ ਨੇ ਦੱਸਿਆ ਕਿ ਐਤਵਾਰ ਨੂੰ ਉਸ ਨੇ ਯੂਕਰੇਨ ਦੇ ਫੌਜੀਆਂ ਨੂੰ ਰੋਕਣ ਦੇ ਲਈ ਹਥਿਆਰਾਂ ਦੀ ਵਰਤੋਂ ਕੀਤੀ ਹੈ। ਨਾਲ ਉਸ ਨੇ ਯੂਕਰੇਨ ਦੇ ਤਿੰਨ ਸਮੁੰਦਰੀ ਫੌਜੀ ਜਹਾਜ਼ਾਂ ਨੂੰ ਰੋਕਣ ਅਤੇ ਉਨ੍ਹਾਂ ਦੀ ਜਾਂਚ ਕਰਨ ਦੀ ਗੱਲ ਵੀ ਕਹੀ। ਰੂਸ ਦਾ ਦਾਅਵਾ ਹੈ ਕਿ ਯੂਕਰੇਨ ਦੇ ਜਹਾਜ਼ ਗੈਰ ਕਾਨੂੰਨੀ ਰੂਪ ਤੋਂ ਉਸ ਦੀ ਸਮੁੰਦਰੀ ਹੱਦ ਵਿੱਚ ਦਾਖਲ ਹੋ ਰਹੇ ਸਨ। ਰੂਸ ਨੇ ਦੱਸਿਆ ਕਿ ਉਸ ਦੇ ਸੀਮਾ ਸੁਰੱਖਿਆ ਬੇੜੇ ਨੇ ਤਿੱਖੀ ਪ੍ਰਤੀਕਿਰਿਆ ਦੇ ਨਾਲ ਉਨ੍ਹਾਂ



ਜਹਾਜ਼ਾਂ ਨੂੰ ਰੋਕਿਆ। ਉਨ੍ਹਾਂ ਨੂੰ ਰੋਕਣ ਲਈ ਗੋਲੀਬਾਰੀ ਵੀ ਕੀਤੀ ਗਈ। ਯੂਕਰੇਨ ਅਤੇ ਰੂਸ ਵਿੱਚ ਲੰਬੇ ਸਮੇਂ ਤੋਂ ਤਣਾਅ ਦੀ ਸਥਿਤੀ ਬਣੀ ਹੋਈ ਹੈ। ਅਜਿਹੇ ਵਿੱਚ ਸਮੁੰਦਰੀ ਸੀਮਾ 'ਤੇ ਤਾਜ਼ਾ ਘਟਨਾਕ੍ਰਮ ਨੂੰ ਚਿੰਤਾ ਜਨਕ ਮੰਨਦੇ ਹੋਏ ਯੂ ਐੱਨ ਐੱਸ ਸੀ ਨੇ ਤੁਰੰਤ ਬੈਠਕ ਬੁਲਾਉਣ ਦੀ ਗੱਲ ਕਹੀ ਹੈ।

ਯੂ ਐਨ ਵਿੱਚ ਅਮਰੀਕੀ ਰਾਜਦੂਤ ਨਿੱਕੀ ਹੈਲੇ ਨੇ ਇਸ ਦੀ ਜਾਣਕਾਰੀ ਦਿੱਤੀ ਹੈ। ਯੂਕਰੇਨੀ ਰਾਸ਼ਟਰਪਤੀ ਪੈਟਰੋ ਪੋਰੋਸ਼ੈਂਕੋ ਨੇ ਘਟਨਾ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਇਹ ਕੋਈ ਦੁਰਘਟਨਾ ਨਹੀਂ ਹੈ। ਰੂਸ ਨੇ ਜਾਣਬੁੱਝ ਕੇ ਯੂਕਰੇਨ ਦੇ ਜਹਾਜ਼ਾਂ ਉਤੇ ਹਮਲਾ ਕੀਤਾ ਹੈ। ਯੂਕਰੇਨ ਦੇ ਛੇ ਜਵਾਨ ਇਸ ਗੋਲੀਬਾਰੀ ਵਿੱਚ ਜ਼ਖਮੀ ਹੋਏ ਹਨ, ਜਿਨ੍ਹਾਂ ਵਿੱਚੋਂ ਦੋ ਦੀ ਹਾਲਤ ਗੰਭੀਰ ਹੈ। ਯੂਰਪੀ ਯੂਨੀਅਨ ਨੇ ਕਿਹਾ ਕਿ ਸਾਨੂੰ ਆਸ ਹੈ ਕਿ ਰੂਸ ਕਰਚ ਸਟ੍ਰੈਟ ਵਿੱਚ ਸੁਤੰਤਰ ਆਵਾਜਾਈ ਯਕੀਨੀ ਕਰੇਗਾ। ਅਸੀਂ ਸਭ ਨੂੰ ਧੀਰਜ ਰੱਖਣ ਅਤੇ ਸਥਿਤੀ ਨੂੰ ਠੀਕ ਕਰਨ ਦੀ ਅਪੀਲ ਕਰਦੇ ਹਾਂ। ਨਾਟੋ ਨੇ ਵੀ ਰੂਸ ਨੂੰ ਕਿਹਾ ਕਿ ਉਹ ਅੰਤਰਰਾਸ਼ਟਰੀ ਕਾਨੂੰਨ ਹੇਠ ਅਜੋਵ ਸਾਗਰ ਵਿੱਚ ਯੂਕਰੇਨ ਦੀਆਂ ਬੰਦਰਗਾਹਾਂ ਤੱਕ ਪਹੁੰਚ ਨੂੰ ਪਾਬੰਦੀ ਮੁਕਤ ਕਰੇ। ਯੂਕਰੇਨ ਦੇ ਵਿਦੇਸ਼ ਮੰਤਰਾਲੇ ਨੇ ਰੂਸੀ ਕਾਰਵਾਈ ਨੂੰ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਕਰਾਰ ਦਿੱਤਾ ਹੈ। ਯੂਕਰੇਨ ਨੇ ਕਿਹਾ ਕਿ ਉਸ ਨੇ ਰੂਸ ਨੂੰ ਪਹਿਲਾਂ ਤੋਂ ਇਸ ਬਾਰੇ ਜਾਣਕਾਰੀ ਦਿੱਤੀ ਸੀ ਕਿ ਅਜੋਵ ਸਾਗਰ ਤੱਕ ਉਸ ਦੇ ਜਹਾਜ਼ਾਂ ਨੇ ਜਾਣ ਲਈ ਇਸ ਰਸਤੇ ਤੋਂ ਲੰਘਣਾ ਹੈ। ਰੂਸ ਦਾ ਕਹਿਣਾ ਹੈ ਕਿ ਆਪਣੇ ਪੱਛਮੀ ਸਹਿਯੋਗੀਆਂ ਦੇ ਭੜਕਾਉਣ 'ਤੇ ਯੂਕਰੇਨ ਨੇ ਰੂਸ ਦੀ ਸੀਮਾ ਦੀ ਉਲੰਘਣਾ ਕਰਨ ਦੀ ਕੋਸ਼ਿਸ਼

## ਲਿੰਕਡਇਨ ਨੇ 1.8 ਕਰੋੜ ਈਮੇਲ ਵਿੱਚ ਸੰਨ੍ਹ ਲਾ ਲਈ

ਸਾਨ ਫਰਾਂਸਿਸਕੋ, 27 ਨਵੰਬਰ (ਪੋਸਟ ਬਿਊਰੋ)- ਸੋਸ਼ਲ ਨੈਟਵਰਕਿੰਗ ਸਾਈਟ ਲਿੰਕਡਇਨ ਨੇ ਕਰੀਬ 1.8 ਕਰੋੜ ਅਜਿਹੇ ਲੋਕਾਂ ਦੀਆਂ ਈਮੇਲ ਆਈ ਡੀ 'ਚ ਸੰਨ੍ਹ ਲਾਈ, ਜਿਹੜੇ ਇਸ ਸਾਈਟ ਦੀ ਵਰਤੋਂ ਨਹੀਂ ਕਰਦੇ। ਇਸ ਤੋਂ ਬਾਅਦ ਈਮੇਲ ਆਈ ਡੀ ਦੀ ਮਦਦ ਨਾਲ ਉਨ੍ਹਾਂ ਲੋਕਾਂ ਨੂੰ ਬਿਨਾ ਉਨ੍ਹਾਂ ਦੀ ਇਜਾਜ਼ਤ ਦੇ ਇਸ਼ਤਿਹਾਰ ਦਿੱਤੇ ਗਏ। ਆਇਰਲੈਂਡ ਦੇ ਡਾਟਾ ਸੁਰੱਖਿਆ ਕਮਿਸ਼ਨ (ਡੀ ਪੀ ਸੀ) ਦੀ ਜਾਂਚ ਵਿੱਚ ਇਸ ਦੀ ਪੁਸ਼ਟੀ ਹੋਈ ਹੈ। ਹਾਲੇ ਇਹ ਪਤਾ ਨਹੀਂ ਲੱਗ ਸਕਿਆ ਕਿ ਲਿੰਕਡਇਨ ਨੇ ਇਨ੍ਹਾਂ ਲੋਕਾਂ ਦੇ ਈਮੇਲ ਕਿਵੇਂ ਹਾਸਲ ਕੀਤੇ ਸਨ। ਟੈਕਨਾਲੋਜੀ ਨਾਲ ਜੁੜੀਆਂ ਖਬਰਾਂ ਦੇਣ ਵਾਲੀ ਅਮਰੀਕੀ ਵੈੱਬਸਾਈਟ ਵਰਜ ਦੀ ਰਿਪੋਰਟ ਮੁਤਾਬਕ ਇਕ ਨਾਨ-ਯੂਜ਼ਰ ਨੇ ਲਿੰਕਡਇਨ ਆਇਰਲੈਂਡ ਅਨਲਿਮਟਿਡ ਕੰਪਨੀ 'ਤੇ ਉਸ ਦੀ ਈਮੇਲ ਆਈ ਡੀ ਹਾਸਲ ਕਰਕੇ ਇਸ਼ਤਿਹਾਰ ਲਈ ਵਰਤਣ ਦਾ ਦੋਸ਼ ਲਾਇਆ ਸੀ। ਇਸ ਤੋਂ ਬਾਅਦ ਮਾਈਕ੍ਰੋਸਾਫਟ ਦੇ ਮਾਲਕੀ ਹੱਕ ਵਾਲੀ ਇਸ ਕੰਪਨੀ ਦੇ ਕੰਮ 'ਤੇ ਇਸ ਸਾਲ ਦੇ ਮੁੱਢਲੇ ਛੇ ਮਹੀਨਿਆਂ 'ਚ ਨਜ਼ਰ ਰੱਖੀ ਗਈ। ਡੀ ਪੀ ਸੀ ਜਾਂਚ 'ਚ ਸਾਹਮਣੇ ਆਇਆ ਕਿ ਅਮਰੀਕਾ ਵਿੱਚੋਂ ਲਿੰਕਡਇਨ ਕਾਰਪੋਰੇਸ਼ਨ ਨੇ 1.8 ਕਰੋੜ ਲੋਕਾਂ ਦੀਆਂ ਈਮੇਲ ਹਾਸਲ ਕਰਨ ਲਈ ਡਾਟਾ ਕੰਟਰੋਲਰ ਦੀ ਇਜਾਜ਼ਤ ਨਹੀਂ ਲਈ ਸੀ। ਲਿੰਕਡਇਨ 'ਚ ਨਿੱਜਤਾ ਨਾਲ ਜੁੜੇ ਕੇਸ ਦੇਖਣ ਵਾਲੇ ਡੈਨਿਸ ਕੇਲੇਹਰ ਨੇ ਕਿਹਾ ਕਿ ਇਹ ਮੰਦਭਾਗਾ ਹੈ ਕਿ ਅਸੀਂ ਕੰਪਨੀ ਦੇ ਨਿੱਜਤਾ ਦੇ ਨਿਯਮਾਂ ਦੀ ਠੀਕ ਤਰ੍ਹਾਂ ਪਾਲਣਾ ਨਹੀਂ ਕਰ ਸਕੇ। ਦੁਬਾਰਾ ਇਸ ਤਰ੍ਹਾਂ ਨਾ ਹੋਵੇ, ਇਸ ਦੇ ਲਈ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ। ਇਸ ਮਾਮਲੇ 'ਚ ਕੰਪਨੀ 'ਤੇ ਕੋਈ ਜੁਰਮਾਨਾ ਨਹੀਂ ਲਾਇਆ ਗਿਆ ਕਿਉਂਕਿ ਜਨਰਲ ਡਾਟਾ ਪ੍ਰੋਟੈਕਸ਼ਨ ਰੈਗੂਲੇਸ਼ਨ (ਜੀ ਡੀ ਪੀ ਆਰ) ਲਾਗੂ ਹੋਣ ਤੋਂ ਪਹਿਲਾਂ ਹੋਈ ਨਿਯਮਾਂ ਦੀ ਉਲੰਘਣਾ 'ਤੇ ਡੀ ਪੀ ਸੀ ਜੁਰਮਾਨਾ ਨਹੀਂ ਲਾ ਸਕਦਾ।

## ਨਿਊਜ਼ੀਲੈਂਡ ਵਿੱਚ ਇਮੀਗਰੇਸ਼ਨ ਦੇ ਨਵੇਂ ਨਿਯਮ, ਵਿਦਿਆਰਥੀਆਂ ਨੇ ਸੁੱਖ ਦਾ ਸਾਹ




ਆਕਲੈਂਡ, 27 ਨਵੰਬਰ (ਪੋਸਟ ਬਿਊਰੋ)- ਇਮੀਗਰੇਸ਼ਨ ਨਿਊਜ਼ੀਲੈਂਡ ਵੱਲੋਂ 26 ਨਵੰਬਰ ਤੋਂ ਬਦਲੇ ਗਏ ਨਵੇਂ ਵੀਜ਼ਾ ਨਿਯਮਾਂ ਨਾਲ ਪੰਜਾਬੀਆਂ ਸਣੇ ਸਮੁੱਚੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸੁੱਖ ਦਾ ਸਾਹ ਆਇਆ ਹੈ।

ਲੇਬਰ ਪਾਰਟੀ ਵੱਲੋਂ ਕੁਝ ਮਹੀਨੇ ਪਹਿਲਾਂ ਬਣਾਏ ਗਏ ਨਿਯਮਾਂ ਹੇਠ ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ ਇਕੱਠਾ ਤਿੰਨ ਸਾਲ ਦਾ ਵਰਕ ਵੀਜ਼ਾ ਮਿਲਿਆ ਕਰੇਗਾ। ਪਹਿਲਾਂ ਕੰਮ ਲੱਭਣ ਲਈ ਦਿੱਤੇ ਜਾਣ ਵਾਲੇ ਇਕ ਸਾਲ ਦੇ ਵੀਜ਼ੇ ਦੌਰਾਨ ਜਦੋਂ ਪਹਿਲੇ ਛੇ ਮਹੀਨੇ 'ਚ ਨੌਕਰੀ ਨਹੀਂ ਸੀ ਮਿਲਦੀ ਤਾਂ ਪਿਛਲੇ ਛੇ ਮਹੀਨਿਆਂ ਵਿੱਚ ਪਰਵਾਸੀ ਕਾਮਿਆਂ ਨੂੰ ਹੱਥਾਂ ਪੈਰਾਂ ਦੀ ਪਈ ਰਹਿੰਦੀ ਸੀ। ਇਹੋ ਜਿਹੇ ਹਾਲਾਤ ਉਨ੍ਹਾਂ ਦੇ ਸ਼ੋਸ਼ਣ ਦਾ ਮੁੱਢ ਬੰਨ੍ਹਦੇ ਸਨ। ਦੋ ਸਾਲ ਦਾ ਵਰਕ ਵੀਜ਼ਾ ਲਵਾਉਣ ਲਈ ਪਰਵਾਸੀ ਕਾਮਿਆਂ ਨੂੰ ਰੁਜ਼ਗਾਰ ਦਾਤਾ ਦੇ ਤਰਲੇ ਕਰਨੇ ਪੈਂਦੇ ਸਨ, ਕਿਉਂਕਿ ਵੀਜ਼ੇ ਦੀ ਮੁੱਢਲੀ ਸ਼ਰਤ ਹੁੰਦੀ ਸੀ ਕਿ ਉਹ ਕਿਸੇ ਮਾਲਕ ਕੋਲ ਕੰਮ ਕਰਦਾ ਹੋਣਾ ਚਾਹੀਦਾ ਸੀ ਤੇ ਵੀਜ਼ਾ ਅਰਜ਼ੀ ਦੇ ਨਾਲ ਮਾਲਕ ਗਾਰੰਟੀ ਵਜੋਂ ਇਕ ਫਾਰਮ ਭਰ ਕੇ ਇਮੀਗ੍ਰੇਸ਼ਨ ਵਿਭਾਗ ਨੂੰ ਦਿੰਦਾ ਸੀ। ਇਸ ਦਾ ਲਾਲਚੀ ਰੁਜ਼ਗਾਰ-ਦਾਤਾ ਖੂਬ ਲਾਹਾ ਲੈਂਦੇ ਸਨ ਤੇ ਕਈ ਵਾਰੀ ਅਜਿਹੀ ਨੌਕਰੀ ਦੇਣ ਬਦਲੇ ਮੋਟੇ ਡਾਲਰ ਵਸੂਲ ਲੈਂਦੇ ਸਨ ਤੇ ਘੱਟ ਤਨਖਾਹ 'ਤੇ ਕੰਮ ਵੀ ਦੁੱਗਣਾ ਕਰਵਾਉਂਦੇ ਸਨ। ਮਜਬੂਰੀਵੱਸ ਪਰਵਾਸੀ ਕਾਮਿਆਂ ਨੂੰ ਅਜਿਹਾ ਸਭ ਕੁਝ ਸਹਿਣ ਕਰਨਾ ਪੈਂਦਾ ਸੀ।

ਇਮੀਗਰੇਸ਼ਨ ਮਾਹਰਾਂ ਅਨੁਸਾਰ ਲੱਗਦਾ ਹੈ ਕਿ ਇਹ ਝੰਜਟ ਮੁੱਕ ਜਾਵੇਗਾ ਅਤੇ ਜਿਹੜੇ ਹੁਸ਼ਿਆਰ ਵਿਦਿਆਰਥੀ ਤਿੰਨ ਸਾਲ ਦੇ ਅੰਦਰ ਪਰਮਾਨੈਂਟ ਰੈਜ਼ੀਡੈਂਸੀ (ਪੀ ਆਰ) ਲਈ ਯੋਗ ਹੋ ਜਾਣਗੇ, ਉਨ੍ਹਾਂ ਲਈ ਰਾਹ ਸੌਖਾ ਰਹੇਗਾ। ਜੇ ਤਿੰਨ ਸਾਲ ਦੌਰਾਨ ਜ਼ਿੰਦਗੀ ਦੀ ਗੱਡੀ ਪੱਕੇ ਤੌਰ 'ਤੇ ਲੀਹੇ ਨਾ ਚੜ੍ਹੀ ਤਾਂ ਫੇਰ ਪਹਿਲਾਂ ਵਾਂਗ ਇਕ ਸਾਲ ਦਾ ਵੀਜ਼ਾ ਵਧਵਾਉਣ ਲਈ ਰੁਜ਼ਗਾਰਦਾਤਾ ਕੋਲ ਜਾ ਕੇ ਫਰਿਆਦ ਕਰਨੀ ਪਵੇਗੀ। ਇਸ ਦੌਰਾਨ ਇਕੱਠਾ ਤਿੰਨ ਸਾਲ ਦਾ ਵਰਕ ਵੀਜ਼ਾ ਵੀ ਮਿਲ ਸਕੇਗਾ ਜਾਂ ਇਕ-ਇਕ ਸਾਲ ਕਰਕੇ ਤਿੰਨ ਵਾਰੀ ਵਰਕ ਵੀਜ਼ਾ ਵਧਾਇਆ ਜਾਵੇਗਾ। ਤੀਜੇ ਸਾਲ ਦਾ ਵੀਜ਼ਾ ਮੁੱਕਣ ਪਿੱਛੋਂ ਕਈ ਪਰਵਾਸੀ ਕਾਮਿਆਂ ਨੂੰ ਵਾਪਸ ਜਾਣਾ ਪਵੇਗਾ ਤੇ ਨਿਊਜ਼ੀਲੈਂਡ ਆਉਣ ਲਈ ਨਵਾਂ ਪ੍ਰਬੰਧ ਕਰਨਾ ਪਵੇਗਾ।

## ਤੁਰਕੀ ਦੀ ਪੁਲਿਸ ਨੇ ਸਾਊਦੀ ਅਰਬ ਦੇ ਪ੍ਰਿੰਸ ਦੇ ਨੇੜੂ ਦਾ ਬੰਗਲਾ ਫੋਲਿਆ

ਇਸਤਾਂਬੁਲ, 27 ਨਵੰਬਰ (ਪੋਸਟ ਬਿਊਰੋ)- ਤੁਰਕੀ ਦੀ ਪੁਲਿਸ ਨੇ ਸਾਊਦੀ ਅਰਬ ਦੇ ਪੱਤਰਕਾਰ ਜਮਾਲ ਖਸ਼ੋਗੀ ਦੀਆਂ ਅਸਥੀਆਂ ਦੀ ਭਾਲ ਵਿਚ ਇਥੇ ਯਾਲੋਵਾ ਸੂਬੇ ਦੇ ਸਮਾਨਲੀ ਪਿੰਡ ਦੇ ਇਕ ਬੰਗਲੇ ਦੀ ਤਲਾਸ਼ੀ ਲਈ। ਇਹ ਬੰਗਲਾ ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਦੇ ਇੱਕ ਕਰੀਬੀ ਅਤੇ ਉਦਯੋਗਪਤੀ ਮੁਹੰਮਦ ਅਲ ਫਵਜਾਨ ਦਾ ਦੱਸਿਆ ਜਾ ਰਿਹਾ ਹੈ। ਇਸ ਦੀ ਜਾਂਚ ਜਾਰੀ ਹੈ।

ਮੀਡੀਆ ਰਿਪੋਰਟਾਂ ਮੁਤਾਬਕ ਖਸ਼ੋਗੀ ਦੇ ਕਤਲ ਦੇ ਮੁੱਖ ਸ਼ੱਕੀ ਮਨਸੂਰ ਓਥਮੈਨ ਐੱਮ ਅਬਾਹੁਸੈਨਸ ਨੇ ਲਾਸ਼ ਨੂੰ ਟਿਕਾਣੇ ਲਾਉਣ ਲਈ ਫਵਜਾਨ ਨਾਲ ਫੋਨ ’ਤੇ ਗੱਲ ਕੀਤੀ ਸੀ। ਬੰਗਲੇ ਵਿਚ ਸਲਮਾਨ ਦੀ ਤਸਵੀਰ ਹੈ। ਸੋਮਵਾਰ ਨੂੰ 10 ਘੰਟੇ ਚੱਲੀ ਤਲਾਸ਼ੀ ਦੌਰਾਨ ਬੰਗਲੇ ਦੇ ਬਗੀਚੇ ਵਿਚ ਤਿੰਨ ਖੂਹਾਂ ਦੀ ਵੀ ਤਲਾਸ਼ੀ ਲਈ ਗਈ।



ਫਵਜਾਨ ਦੇ ਬੰਗਲੇ ਨੇੜਲੇ ਤਿੰਨ ਖੂਹਾਂ ਦੀ ਵੀ ਤਲਾਸ਼ੀ ਲਈ ਗਈ। ਸਾਊਦੀ ਅਰਬ ਦੇ ਪ੍ਰਿੰਸ ਦੇ ਆਲੋਚਕ ਖਸ਼ੋਗੀ ਦੋ ਅਕਤੂਬਰ ਨੂੰ ਆਪਣੇ ਵਿਆਹ ਨਾਲ ਸਬੰਧਿਤ ਦਸਤਾਵੇਜ਼ਾਂ ਲਈ ਇਸਤਾਂਬੁਲ ਵਿੱਚ ਸਾਊਦੀ ਅਰਬ ਦੇ ਵਣਜ ਦੂਤਘਰ ਗਏ ਤੇ ਫਿਰ ਉਹ ਗ਼ਾਇਬ ਹਨ। ਤੁਰਕੀ ਦੇ ਅਧਿਕਾਰੀਆਂ ਦਾ ਦਾਅਵਾ ਹੈ ਕਿ ਦੂਤਘਰ ਵਿਚ ਹੱਤਿਆ ਪਿੱਛੋਂ ਖਸ਼ੋਗੀ ਦੀ ਦੇਹ ਨੂੰ ਐਸਿਡ ਨਾਲ ਗਲਾ ਦਿੱਤਾ ਗਿਆ ਸੀ। ਸ਼ੁਰੂ ਵਿਚ ਸਾਊਦੀ ਅਰਬ ਸਰਕਾਰ ਦੂਤਘਰ ਵਿਚ ਖਸ਼ੋਗੀ ਦੀ ਹੱਤਿਆ ਤੋਂ ਇਨਕਾਰ ਕਰਦੀ ਸੀ। ਬਾਅਦ ਵਿਚ ਉਸ ਨੇ ਪੱਤਰਕਾਰ ਦੀ ਹੱਤਿਆ ਕੀਤੇ ਜਾਣ ਦੀ ਗੱਲ ਮੰਨ ਲਈ ਸੀ। ਖ਼ੁਫ਼ੀਆ ਅਧਿਕਾਰੀਆਂ ਤੇ ਮਾਹਿਰਾਂ ਦੀ ਰਾਏ ਹੈ ਕਿ ਪ੍ਰਿੰਸ ਸਲਮਾਨ ਦੀ ਇਜਾਜ਼ਤ ਦੇ ਬਿਨਾਂ ਖਸ਼ੋਗੀ ਦੀ ਹੱਤਿਆ ਨਹੀਂ ਹੋ ਸਕਦੀ ਸੀ।

## ਪਾਕਿ ਮੂਲ ਦੀ ਔਰਤ ਨੇ ਆਈ ਐੱਸ ਨੂੰ ਮਦਦ ਦੇਣ ਦਾ ਅਪਰਾਧ ਕਬੂਲ ਕੀਤਾ

ਵਾਸ਼ਿੰਗਟਨ, 27 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨੀ ਮੂਲ ਦੀ ਇਕ ਮਹਿਲਾ ਨੇ ਇਕ ਸਕੀਮ ਵਿਚ ਹਿੱਸਾ ਲੈ ਕੇ ਇਸਲਾਮਿਕ ਸਟੇਟ (ਆਈ ਐੱਸ ਆਈ ਐੱਸ) ਅੱਤਵਾਦੀ ਸੰਗਠਨ ਨੂੰ ਸਾਮਾਨ ਹਾਸਲ ਕਰਾਉਣ ਦਾ ਜੁਰਮ ਕਬੂਲ ਕਰ ਲਿਆ। ਇਸ ਯੋਜਨਾ ਵਿਚ ਉਸ ਨੇ ਪਾਕਿਸਤਾਨ, ਚੀਨ ਤੇ ਤੁਰਕੀ ਵਿਚ ਲੋਕਾਂ ਤੇ ਫਰਜ਼ੀ ਸੰਸਥਾਵਾਂ ਨੂੰ ਡੇਢ ਲੱਖ ਡਾਲਰ ਪਹੁੰਚਾਏ ਸਨ, ਜਿਹੜੇ ਅੱਤਵਾਦੀ ਸੰਗਠਨ ਦੇ ਸਹਿਯੋਗੀ ਦੇ ਤੌਰ ’ਤੇ ਕੰਮ ਕਰ ਰਹੇ ਸਨ।

ਕੌਮੀ ਸੁਰੱਖਿਆ ਦੇ ਸਹਾਇਕ ਅਟਾਰਨੀ ਜਨਰਲ ਜੌਨ ਸੀ ਡੇਮਰਸ ਦੇ ਮੁਤਾਬਕ ਨਿਊਯਾਰਕ ਦੇ ਬ੍ਰੈਂਟਵੁੱਡ ਵਿਚ ਰਹਿਣ ਵਾਲੀ 27 ਸਾਲਾ ਜੁਬੀਆ ਸ਼ਹਿਨਾਜ਼ ਨੇ ਅਮਰੀਕੀ ਜ਼ਿਲਾ ਜੱਜ ਜੋਆਨਾ ਸੀਬਰਟ ਕੋਲ ਅਪਰਾਧ ਮੰਨਿਆ। ਬੀਤੇ ਸਾਲ ਦਸੰਬਰ ਵਿਚ ਇਕ



ਅੰਗਰੇਜ਼ੀ ਅਖਬਾਰ ਵਿਚ ਛਪੀ ਇਕ ਰਿਪੋਰਟ ਮੁਤਾਬਕ ਪਾਕਿਸਤਾਨ ਵਿਚ ਜਨਮੀ ਸ਼ਹਿਨਾਜ਼ ਅਮਰੀਕਾ ਦੀ ਨਾਗਰਿਕ ਹੈ। ਉਹ ਇਕ ਪਰਿਵਾਰ ਆਧਾਰਿਤ ਇਮੀਗਰੇਸ਼ਨ ਦੀ ਵਰਤੋਂ ਕਰ ਕੇ ਅਮਰੀਕਾ ਆਈ ਸੀ, ਜਿਸ ਹੇਠ ਉਸ ਨੂੰ ਅਮਰੀਕੀ ਵੀਜ਼ਾ ਮਿਲਿਆ ਸੀ। ਅਦਾਲਤ ਵਿਚ ਦਿੱਤੀ ਜਾਣਕਾਰੀ ਮੁਤਾਬਕ ਮਾਰਚ 2017 ਤੋਂ ਲੈ ਕੇ 31 ਜੁਲਾਈ 2017 ਨੂੰ ਸੀਰੀਆ ਜਾਣ ਦੀ ਕੋਸ਼ਿਸ਼ ਕਰਨ ਵਾਲੇ ਦਿਨ ਤੱਕ ਸ਼ਹਿਨਾਜ਼ ਵੱਖ-ਵੱਖ ਵਿੱਤੀ ਸੰਸਥਾਵਾਂ ਨਾਲ ਧੋਖਾਧੜੀ ਵਾਲੀ

**Punjabi Speaking Nanny Wanted**



→ Looking for a Bilingual Nanny to look after Two Children in Brampton.

**Duties & Requirements:**

- Preparing nutritious meals and snacks for the children
- Must love children
- Dressing the children
- Keeping the home in a good and clean condition
- Bathing the children
- Background check is required
- No smoking or drinking

For Further Details Please Call Kulwant Bains (647) 460-8602 or send an email to bainskulwant74@yahoo.com

## ...ਜਦ ਜਹਾਜ਼ ਚਲਾਉਂਦੇ ਪਾਇਲਟ ਨੂੰ ਨੀਂਦ ਆ ਗਈ

ਮੈਲਬੌਰਨ, 27 ਨਵੰਬਰ (ਪੋਸਟ ਬਿਊਰੋ)- ਫਲਾਈਟਸ ਦੇ ਦੇ ਰੋਚਕ ਕਿੱਸੇ ਸੁਣਨ ਨੂੰ ਮਿਲਦੇ ਰਹਿੰਦੇ ਹਨ, ਪਰ ਇਸ ਵਾਰੀ ਆਸਟਰੇਲੀਆ ਵਿਚ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਸ ਵਿਚ ਜਹਾਜ਼ ਉਡਾਉਂਦੇ ਪਾਇਲਟ ਨੂੰ ਨੀਂਦ ਆ ਗਈ। ਕਾਕਪਿਟ ਵਿਚ ਪਾਇਲਟ ਦੀ ਅੱਖ ਲੱਗਣ ਨਾਲ ਜਹਾਜ਼ ਰਸਤਾ ਭਟਕ ਕੇ ਟਿਕਾਣੇ ਤੋਂ ਕਰੀਬ 46 ਕਿਲੋਮੀਟਰ ਦੂਰ ਪਹੁੰਚ ਗਿਆ। ਇਹ ਘਟਨਾ 8 ਨਵੰਬਰ ਨੂੰ ਚਾਰਟਰਡ ਵਾਰਟੇਕਸ ਫਲਾਈਟ ਵਿਚ ਹੋਈ, ਜਦੋਂ ਕਿੰਗ ਆਇਲੈਂਡ ਦਾ ਪਾਈਪਰ ਪੀ ਏ-31 ਪਲੇਨ ਤਸਮਾਨੀਆ ਦੇ ਕਿੰਗ ਆਇਲੈਂਡ ਤੋਂ ਡੇਵਨਪੋਰਟ ਆ ਰਿਹਾ ਸੀ।

ਪਤਾ ਲੱਗਾ ਹੈ ਕਿ ਪਲੇਨ ਵਿਚ ਕੇਵਲ ਪਾਇਲਟ ਹੀ ਸੀ। ਆਸਟਰੇਲੀਅਨ ਟਰਾਂਸਪੋਰਟ ਸੇਫਟੀ ਬਿਊਰੋ ਇਸ ਦੀ ਜਾਂਚ ਕਰ ਰਿਹਾ ਹੈ। ਉਨ੍ਹਾਂ ਦੇ ਮੁਤਾਬਕ ਇਸ ਕੇਸ ਬਾਰੇ ਪਾਇਲਟ ਤੋਂ ਸਵਾਲ-ਜਵਾਬ ਹੋਣਗੇ ਅਤੇ ਵਾਰਟੇਕਸ ਏਅਰ ਪ੍ਰੋਸੀਜਰ ਦਾ ਰਿਵਿਊ ਹੋਵੇਗਾ। ਫਲਾਈਟ ਟਰੈਕਿੰਗ ਦੇ ਮੁਤਾਬਕ 46 ਕਿਲੋਮੀਟਰ ਦਾ ਜ਼ਿਆਦਾ ਰਸਤਾ ਤੈਅ ਕਰਦੇ ਹੋਏ ਫਲਾਈਟ ਕਿੰਗ ਆਇਲੈਂਡ ਏਅਰਪੋਰਟ ਉੱਤੇ ਸੁਰੱਖਿਅਤ ਲੈਂਡ ਹੋ ਗਿਆ। ਪਲੇਨ ਦੀ ਪੈਸੇਂਜਰ ਕੈਪੈਸਿਟੀ ਪੰਜ ਤੋਂ ਸੱਤ ਜਣਿਆਂ ਦੀ ਸੀ। ਇਸ ਟਵਿਨ ਇੰਜਣ ਜਹਾਜ਼ ਦੀ ਕਰੂਜ਼ਿੰਗ ਸਪੀਡ ਲਗਭਗ 380 ਕਿਲੋਮੀਟਰ ਪ੍ਰਤੀ ਘੰਟਾ ਅਤੇ ਰੇਂਜ 1900 ਕਿਲੋਮੀਟਰ ਹੈ। ਇਸ ਦੀ ਫਾਈਨਲ ਰਿਪੋਰਟ ਦੇ ਸਬੂਤ ਇਕੱਠੇ ਕੀਤੇ ਜਾ ਰਹੇ ਹਨ।

**A/Z Drivers Needed/ਡਰਾਈਵਰਾਂ ਦੀ ਲੋੜ**



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers **No Waiting at All**
- **Highest Pay Rate** Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- **Always Home At Weekends**
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

“ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ”

New Drivers Are Also Welcome, We Give Paid Training With Full Time Job

For Further Information Contact: 6476253344



**Honesty, Reliability, Commitment**

HOMELIFE SILVERCITY REALTY INC. BROKERAGE

“Open House Until Sold”

- 1 yr Home Warranty
- Furniture & Home Appliances
- Get 40% Discount on Brand Name
- Free Evaluation & Lowest Commission

Hira Randhawa
Broker

www.hirarandhawa.com | hirarandhawa@yahoo.ca

For all your Needs Call: 416.319.0551 or 905.913.8585

SAVE SAVE SAVE ....$$$$$$

Super Visa Insurance
On affordable rates, pay in installments, full refund on early cancellation.

RESP
Act immediately to get 15% Extra govt. grant of Year 2018

Visitor/Travel/Life/ Disability/Funeral Insurance



MICHELIN · HANKOOK · Continental · ROADLUX · BFGoodrich · AEOLUS



Chevron Delo
Special OIL CHANGE Rates

**BEST TRUCK REPAIR & TIRE CENTRE**

ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੌਕ ਹੀਟਰ ਦੀ ਭਾਰੀ ਸੇਲ

We also Specialize in Engine, Transmission, Differential Rebuild, Safety Inspection & All Kinds of Electric Work

SPECIAL ON TRUCK ALIGNMENT | BRAND NEW MACHINES 2018

Brake & Drum - On Special Sale!
-Made in U.S

4 CAT Batteries $500 on Special Sale

Special Sale on Smartway Approved Tires $245 each

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲ੍ਹਾ

1715 Sismet Rd, Mississauga | Call Ranjit: 416.624.8351 | Tel: 905.625.0055

# ਫ਼ੌਜ ਵਿੱਚ ਨੌਕਰੀ ਦਾ ਝਾਂਸਾ ਦੇ ਕੇ ਲੱਖਾਂ ਰੁਪਏ ਦੀ ਠੱਗੀ



ਫਿਰੋਜ਼ਪੁਰ, 27 ਨਵੰਬਰ (ਪੋਸਟ ਬਿਊਰੋ)- ਥਾਣਾ ਕੈਂਟ ਪੁਲਸ ਨੇ ਫੌਜ ਵਿੱਚ ਨੌਜਵਾਨਾਂ ਨੂੰ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਲੱਖਾਂ ਦੀ ਠੱਗੀ ਕਰਨ ਵਾਲੇ ਗਰੋਹ ਦੇ ਚਾਰ ਮੈਂਬਰਾਂ ਉਤੇ ਕੇਸ ਦਰਜ ਕੀਤਾ ਹੈ। ਉਨ੍ਹਾਂ ਨੇ ਸੰਗਰੂਰ ਵਿੱਚ ਫਿਜ਼ੀਕਲ ਫਿਟਨੈਸ ਅਕੈਡਮੀ ਖੋਲ੍ਹੀ ਹੈ ਅਤੇ ਭੋਲੇ ਭਾਲੇ ਨੌਜਵਾਨਾਂ ਨੂੰ ਜਾਲ ਵਿੱਚ ਫਸਾ ਕੇ ਮੋਟੀ ਰਕਮ ਵਸੂਲਦੇ ਹਨ। ਥਾਣਾ ਕੈਂਟ ਪੁਲਸ ਨੇ ਕੱਲ੍ਹ ਪੀੜਤ ਨੌਜਵਾਨ ਦੇ ਬਿਆਨ 'ਤੇ ਉਨ੍ਹਾਂ ਦੇ ਖਿਲਾਫ ਕੇਸ ਦਰਜ ਕੀਤਾ ਹੈ।

ਐਸ ਪੀ (ਡੀ) ਬਲਜੀਤ ਸਿੰਘ ਸਿੱਧੂ ਨੇ ਦੱਸਿਆ ਕਿ ਉਨ੍ਹਾਂ ਨੂੰ ਆਰਮੀ ਇੰਟੈਲੀਜੈਂਸ ਨੇ ਸੂਚਨਾ ਦਿੱਤੀ ਸੀ ਕਿ ਕੁਝ ਲੋਕ ਨੌਜਵਾਨਾਂ ਨੂੰ ਫੌਜ ਵਿੱਚ ਭਰਤੀ ਕਰਾਉਣ ਦਾ ਝਾਂਸਾ ਦੇ ਕੇ ਲੱਖਾਂ ਰੁਪਏ ਠੱਗ ਰਹੇ ਹਨ। ਪੀੜਤ ਨੌਜਵਾਨ ਦੇਸ ਰਾਜ ਵਾਸੀ ਫਾਜ਼ਿਲਕਾ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਮੁਲਾਕਾਤ ਧਰਮਪ੍ਰੀਤ ਸਿੰਘ ਵਾਸੀ ਫਰੀਦਕੋਟ ਨਾਲ ਹੋਈ ਸੀ। ਧਰਮਪ੍ਰੀਤ ਨੇ ਉਸ ਨੂੰ ਦੱਸਿਆ ਕਿ ਹਰਮਨਦੀਪ ਸਿੰਘ ਵਾਸੀ ਗਲੋਟੀ ਤੇ ਸੁਰਿੰਦਰ ਸਿੰਘ ਵਾਸੀ ਸੰਗਰੂਰ, ਗੁਰਮੇਲ ਸਿੰਘ ਵਾਸੀ ਬਖੋਰਾ ਤੇ ਕੁਲਵਿੰਦਰ ਸਿੰਘ ਵਾਸੀ ਸੰਗਰੂਰ ਨੇ ਫਿਜ਼ੀਕਲ ਫਿਟਨੈਸ ਅਕੈਡਮੀ ਖੋਲ੍ਹੀ ਹੈ। ਉਹ ਫੌਜ ਵਿੱਚ ਨੌਜਵਾਨਾਂ ਨੂੰ ਭਰਤੀ ਕਰਾਉਂਦੇ ਹਨ। ਧਰਮਪ੍ਰੀਤ ਨੇ ਉਸ ਨੂੰ ਟੈਲੀਫੋਨ ਕਰਕੇ ਦਸਵੀਂ ਦਾ ਅਸਲੀ ਸਰਟੀਫਿਕੇਟ ਤੇ ਕਾਰ ਦੀ ਆਰ ਸੀ ਸਮੇਤ 29 ਅਕਤੂਬਰ ਨੂੰ ਜ਼ੀਰਾ ਦੇ ਬੱਸ ਸਟੈਂਡ ਬੁਲਾਇਆ। ਉਥੇ ਉਸ ਨੂੰ ਉਕਤ ਲੋਕ ਮਿਲੇ ਅਤੇ ਕਿਹਾ ਕਿ ਫੌਜ ਦੀ ਨੌਕਰੀ ਦਿਵਾ ਦੇਣਗੇ, ਪਰ ਦੋ ਲੱਖ ਰੁਪਏ ਦਾ ਬੰਦੋਬਸਤ ਕਰ ਲਵੋ। ਦੋਸ਼ੀਆਂ ਨੇ ਉਸ ਤੋਂ ਦਸਵੀਂ ਦਾ ਸਰਟੀਫਿਕੇਟ ਅਤੇ ਆਰ ਸੀ ਲੈ ਲਈ। ਦੇਸ ਰਾਜ ਨੇ 12 ਨਵੰਬਰ ਨੂੰ ਨੈਟ 'ਤੇ ਰਿਜ਼ਲਟ ਦੇਖਿਆ ਤਾਂ ਉਹ ਪਾਸ ਹੋ ਗਿਆ। ਉਸ ਨੇ ਦੋਸ਼ੀਆਂ ਤੋਂ ਆਪਣਾ ਦਸਵੀਂ ਦਾ ਸਰਟੀਫਿਕੇਟ ਅਤੇ ਆਰ ਸੀ ਮੰਗੀ, ਪਰ ਉਨ੍ਹਾਂ ਨੇ ਦੇਣ ਤੋਂ ਇਨਕਾਰ ਕਰ ਦਿੱਤਾ। ਦੋਸ਼ੀਆਂ ਨੇ ਕਿਹਾ ਕਿ ਦੋ ਲੱਖ ਰੁਪਏ ਲੈ ਆਉ, ਤਦ ਉਕਤ ਦਸਤਾਵੇਜ਼ ਦੇਣਗੇ। ਦੇਸ ਰਾਜ ਨੇ ਕਿਹਾ ਕਿ ਤੁਸੀਂ ਕੰਮ ਨਹੀਂ ਕੀਤਾ, ਉਸ ਨੇ ਫੌਜ ਵਿੱਚ ਪ੍ਰੀਖਿਆ ਦਿੱਤੀ ਸੀ, ਉਸ ਵਿੱਚ ਪਾਸ ਹੋਇਆ ਹੈ। ਦੇਸ ਰਾਜ ਨੇ ਆਰਮੀ ਇੰਟੈਲੀਜੈਂਸ ਨੂੰ ਸੂਚਨਾ ਦਿੱਤੀ। ਪੁਲਸ ਅਤੇ ਆਰਮੀ ਇੰਟੈਲੀਜੈਂਸ ਨੇ ਕੈਂਟ ਫਿਰੋਜ਼ਪੁਰ ਦੇ ਬੱਸ ਸਟੈਂਡ 'ਤੇ ਦੋਸ਼ੀ ਹਰਮਨਦੀਪ, ਸੁਰਿੰਦਰ ਨੂੰ ਦੇਸ ਰਾਜ ਦੇ ਅਸਲੀ ਦਸਤਾਵੇਜ਼ਾਂ ਨਾਲ ਫੜ ਲਿਆ। ਪੁਲਸ ਨੇ ਉਕਤ ਸਾਰੇ ਦੋਸ਼ੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ।

# ਸੇਲਜ਼ਮੈਨ ਦੀਆਂ ਅੱਖਾਂ ਵਿੱਚ ਮਿਰਚਾਂ ਪਾਉਣ ਪਿੱਛੋਂ ਪੈਰ 'ਤੇ ਗੋਲੀ ਮਾਰ ਕੇ 12 ਲੱਖ ਲੁੱਟੇ

ਸ਼ੇਰਪੁਰ, 27 ਨਵੰਬਰ (ਪੋਸਟ ਬਿਊਰੋ)- ਬੈਂਕ ਵਿੱਚ ਕੈਸ਼ ਜਮ੍ਹਾ ਕਰਵਾਉਣ ਸਕੂਟੀ 'ਤੇ ਚੱਲੇ ਕੋਆ-ਪਰੇਟਿਵ ਸੋਸਾਈਟੀ ਸਭਾ ਦੇ ਦੋ ਮੁਲਾਜ਼ਮਾਂ ਉੱਤੇ ਪਹਿਲਾਂ ਬਾਈਕ ਸਵਾਰ ਨਕਾਬਪੋਸ਼ਾਂ ਨੇ ਅੱਖਾਂ ਵਿੱਚ ਮਿਰਚਾਂ ਪਾਈਆਂ, ਫਿਰ ਇੱਕ ਮੁਲਾਜ਼ਮ ਦੀ ਲੱਤ ਵਿੱਚ ਗੋਲੀ ਮਾਰੀ ਕੇ 12 ਲੱਖ ਰੁਪਏ ਲੁੱਟ ਕੇ ਲੈ ਗਏ। ਜ਼ਖਮੀ ਮੁਲਾਜ਼ਮਾਂ ਨੂੰ ਸਿਵਲ ਹਸਪਤਾਲ ਮਾਲੇਰਕੋਟਲਾ ਵਿੱਚ ਭਰਤੀ ਕਰਾਇਆ ਗਿਆ ਹੈ।

ਐੱਸ ਐੱਸ ਪੀ ਡਾਕਟਰ ਸੰਦੀਪ ਗਰਗ ਨੇ ਕਿਹਾ ਕਿ ਸਾਰੀਆਂ ਥਾਵਾਂ 'ਤੇ ਨਾਕਾਬੰਦੀ ਕਰਵਾ ਦਿੱਤੀ ਗਈ ਹੈ। ਸੀ ਸੀ ਟੀ ਵੀ ਕੈਮਰਿਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਪਿੰਡ ਮਾਣਕੀ ਕੋਆਪਰੇਟਿਵ ਸੋਸਾਈਟੀ ਦਾ



ਸੇਲਜ਼ਮੈਨ ਰਜਿੰਦਰ ਸਿੰਘ ਤੇ ਸੇਵਾਦਾਰ ਸ਼ਿੰਗਾਰਾ ਸਿੰਘ ਐਕਟਿਵਾ ਦੀ ਡਿੱਗੀ ਵਿੱਚ 12 ਲੱਖ ਰੁਪਏ ਰੱਖ ਕੇ ਸੰਗਰੂਰ ਸੈਂਟਰਲ ਕੋਆਪਰੇਟਿਵ ਬੈਂਕ ਵਿੱਚ ਜਮ੍ਹਾ ਕਰਾਉਣ ਜਾ ਰਹੇ ਸਨ। ਦੁਪਹਿਰ ਬਾਅਦ ਮਾਣਕੀ ਅਤੇ ਪੰਜਗਰਾਈਆਂ ਦਰਮਿਆਨ ਦੋ ਬਾਈਕ ਸਵਾਰ ਨਕਾਬਪੋਸ਼ਾਂ ਨੇ ਰਜਿੰਦਰ ਸਿੰਘ ਅਤੇ ਸ਼ਿੰਗਾਰਾ ਸਿੰਘ ਦੀਆਂ ਅੱਖਾਂ ਵਿੱਚ ਮਿਰਚਾਂ ਪਾ ਦਿੱਤੀਆਂ। ਇਸ ਕਾਰਨ ਸਕੂਟੀ ਦਾ ਸੰਤੁਲਨ ਵਿਗੜ ਕੇ ਦੋਵੇਂ ਸੜਕ ਉੱਤੇ ਡਿੱਗ ਪਏ। ਕੈਸ਼ ਦੇਣ ਤੋਂ ਮਨ੍ਹਾ ਕਰਨ 'ਤੇ ਨਕਾਬਪੋਸ਼ਾਂ ਨੇ ਸ਼ਿੰਗਾਰਾ ਸਿੰਘ ਦੇ ਪੈਰ ਵਿੱਚ ਗੋਲੀ ਮਾਰ ਦਿੱਤੀ ਅਤੇ ਸਕੂਟੀ ਦੀ ਡਿੱਗੀ ਵਿੱਚ ਰੱਖੇ 12 ਲੱਖ ਰੁਪਏ ਲੈ ਕੇ ਖਿਸਕ ਗਏ। ਸ਼ਿੰਗਾਰਾ ਸਿੰਘ ਨੂੰ ਮਾਲੇਰਕੋਟਲਾ ਸਿਵਲ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਤੇ ਫਿਰ ਪਟਿਆਲਾ ਰੈਫਰ ਕਰ ਦਿੱਤਾ ਗਿਆ।

ਸਕੂਟੀ ਚਾਲਕ ਰਜਿੰਦਰ ਸਿੰਘ ਨੇ ਦੱਸਿਆ ਕਿ ਦੋਸ਼ੀ ਪਿੱਛੋਂ ਆਏ ਸਨ, ਜਿਨ੍ਹਾਂ ਦੇ ਮੂੰਹ ਢਕੇ ਹੋਏ ਸਨ। ਆਉਂਦੇ ਹੀ ਉਨ੍ਹਾਂ ਨੇ ਮਿਰਚਾਂ ਪਾ ਦਿੱਤੀਆਂ। ਉਨ੍ਹਾਂ ਨੇ ਕੈਸ਼ ਦੇਣ ਤੋਂ ਮਨ੍ਹਾ ਕੀਤਾ ਤਾਂ ਦੋਸ਼ੀਆਂ ਨੇ ਸੇਵਾਦਾਰ ਸ਼ਿੰਗਾਰਾ ਸਿੰਘ ਨੂੰ ਗੋਲੀ ਮਾਰ ਦਿੱਤੀ ਅਤੇ ਕੈਸ਼ ਕੱਢ ਕੇ ਪੰਜਗਰਾਈਆਂ ਵੱਲ ਭੱਜ ਗਏ।

# ਬਾਈਕ ਦਾ ਸੰਤੁਲਨ ਵਿਗੜ ਕੇ ਪੁਲਸ ਵਲੇ ਸਮੇਤ ਦੋਂਹ ਦੀ ਮੌਤ

ਬਰਨਾਲਾ, 27 ਨਵੰਬਰ (ਪੋਸਟ ਬਿਊਰੋ)- ਪਿੰਡ ਗੁਰਮਾ ਵਿੱਚ ਇਕ ਤੇਜ਼ ਰਫਤਾਰ ਬਾਈਕ ਦਾ ਸੰਤੁਲਨ ਵਿਗੜਣ ਨਾਲ ਹੋਏ ਹਾਦਸੇ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ। ਮਰਨ ਵਾਲਿਆਂ ਵਿੱਚ ਪਿੰਡ ਗੁਰਮਾ ਦਾ ਜਗਜੀਤ ਸਿੰਘ ਤੇ ਪੰਜਾਬ ਪੁਲਸ ਦਾ ਕਰਮਚਾਰੀ ਬਿੱਕਰ ਸਿੰਘ ਸ਼ਾਮਲ ਹੈ।

ਵਿਧਾਨ ਸਭਾ ਹਲਕਾ ਮਹਿਲ ਕਲਾਂ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦਾ ਸੁਰੱਖਿਆ ਗਾਰਡ ਬਿੱਕਰ ਸਿੰਘ (50) ਰਾਤ ਨੂੰ ਖਾਣਾ ਖਾਣ ਪਿੱਛੋਂ ਟਹਿਲਣ ਲਈ ਘਰੋਂ ਬਾਹਰ ਨਿਕਲਿਆ ਸੀ। ਥੋੜ੍ਹੀ ਦੂਰ ਪਿੱਛੇ ਤੋਂ ਆ



ਰਹੇ ਜਗਜੀਤ ਸਿੰਘ ਦੀ ਬਾਈਕ ਦਾ ਸੰਤੁਲਨ ਵਿਗੜ ਗਿਆ ਅਤੇ ਉਹ ਸਿੱਧੇ ਬਿੱਕਰ ਸਿੰਘ ਨੂੰ ਟਕਰਾ ਗਿਆ। ਇਹ ਹਾਦਸਾ ਇੰਨਾ ਭਿਆਨਕ ਸੀ ਕਿ ਬਾਈਕ ਚਾਲਕ ਉਛਲਦੇ ਹੋਏ 100 ਫੁੱਟ ਦੀ ਦੂਰੀ 'ਤੇ ਜਾ ਡਿੱਗਾ। ਬਾਈਕ ਖੰਭੇ ਨਾਲ ਟਕਰਾ ਕੇ ਥੱਲੇ ਵਾਲੇ ਪਾਸੇ ਲਟਕਦੀਆਂ ਬਿਜਲੀ ਦੀਆਂ ਤਾਰਾਂ ਵਿੱਚ ਜਾ ਵੱਜੀ। ਹਾਦਸੇ ਵਿੱਚ ਦੋਵਾਂ ਦੀ ਮੌਤ ਹੋ ਗਈ।

ਬਿੱਕਰ ਸਿੰਘ ਦੇ ਪਿਤਾ ਦੀ ਕੁਝ ਸਮੇਂ ਪਹਿਲਾ ਮੌਤ ਹੋ ਚੁੱਕੀ ਹੈ ਅਤੇ ਘਰ ਦੀ ਸਾਰੀ ਜ਼ਿੰਮੇਵਾਰੀ ਬਿੱਕਰ ਸਿੰਘ ਨਿਭਾ ਰਿਹਾ ਸੀ। ਹੁਣ ਉਸ ਦੀ ਮੌਤ ਦੇ ਬਾਅਦ ਘਰ ਦੀ ਜ਼ਿੰਮੇਵਾਰੀ ਨਿਭਾਉਣ ਲਈ ਕੋਈ ਨਹੀਂ ਬਚਿਆ। ਬਿੱਕਰ ਸਿੰਘ ਦੇ ਦੋ ਛੋਟੇ ਬੱਚੇ ਤੇ ਉਸ ਦੀ ਪਤਨੀ ਰਹਿ ਗਈ ਹੈ। ਥਾਣਾ ਠੁੱਲੀਵਾਲ ਦੇ ਐਸ ਐਚ ਓ ਸੁਰਿੰਦਰ ਸਿੰਘ ਨੇ ਦੱਸਿਆ ਕਿ ਦੋਵੇਂ ਇਕੋ ਪਿੰਡ ਦੇ ਰਹਿਣ ਵਾਲੇ ਹਨ, ਮ੍ਰਿਤਕ ਬਿੱਕਰ ਸਿੰਘ ਦੀ ਪਤਨੀ ਮਨਜੀਤ ਕੌਰ ਦੇ ਬਿਆਨ ਦੇ ਆਧਾਰ ਉੱਤੇ ਮ੍ਰਿਤਕ ਬਾਈਕ ਚਾਲਕ ਜਗਜੀਤ ਸਿੰਘ 'ਤੇ ਕੇਸ ਦਰਜ ਕਰਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।


**Machine Operators Required**

ਇਸ ਐਂਟਰੀ ਲੈਵਲ ਜੌਬ ਨਾਲ ਆਪਣੀ ਟੈਕਨੀਕਲ ਮੁਹਾਰਤ ਵਿੱਚ ਵਾਧਾ ਕਰੋ ਅਤੇ ਇਸ ਕੰਮ ਦਾ ਤਜ਼ਰਬਾ ਪ੍ਰਾਪਤ ਕਰੋ।

- ਕਿਸੇ ਕਿਸਮ ਦੇ ਪਹਿਲੇ ਤਜ਼ਰਬੇ ਦੀ ਲੋੜ ਨਹੀਂ
- ਅਸੀਂ ਤੁਹਾਨੂੰ ਪੂਰੀ ਟਰੇਨਿੰਗ ਦਿਆਂਗੇ
- ਪੱਕੇ ਘੰਟੀਆਂ ਵਾਲਾ ਪੱਕਾ ਕੰਮ

**Duties & Responsibilities**

- Assemble, load and unload production parts
- lifting up to 20 lbs
- Operate on 2-3 CNC machines at one time.
- Use mechanical attitude to troubleshoot and maintain different machine

Pay Rate: $15 - $16 per hour

To apply send resume to aisha@wemovepeople.co

**A/Z DRIVERS/OWNER OPERATORS NEEDED FOR LOCAL & USA**

Earn upto $21 to $32/hr

- USA owner operators 0.95 cent/mile + Fuel
- USA company drivers 0.60 cent/ mile
- Canada owner Operators 0.85 cent/mile + Fuel
- Canada company Drivers 0.50 cent.mile

Skylark Logistics Inc.

Sam Mann: 416-617-2405

Mr. Kyla: 519-821-7999 ext.222

Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202


## ਲੜਕੀ ਦੀ ਲੋੜ

